सत्यमेव जयते

## ਪੰਜਾਬ ਦੇ ਰਾਜਪਾਲ

# ਸ਼੍ਰੀ ਗੁਲਾਬ ਚੰਦ ਕਟਾਰੀਆ

ਵੱਲੋਂ

## ਵਿਧਾਨ ਸਭਾ

ਵਿੱਚ

## ਮਿਤੀ 6 ਮਾਰਚ, 2026 ਦਿਨ ਸ਼ੁੱਕਰਵਾਰ

ਨੂੰ ਦਿੱਤਾ ਗਿਆ

# ਭਾਸ਼ਣ

**ਮਾਣਯੋਗ ਸਪੀਕਰ ਸਾਹਿਬ ਅਤੇ ਸਤਿਕਾਰਯੋਗ ਮੈਂਬਰ ਸਾਹਿਬਾਨ,**

1. ਮੈਨੂੰ 16ਵੀਂ ਪੰਜਾਬ ਵਿਧਾਨ ਸਭਾ ਦੇ 12ਵੇਂ ਸਮਾਗਮ ਵਿੱਚ ਇਸ ਮਾਣਯੋਗ ਸਦਨ ਦੇ ਮਾਣਯੋਗ ਮੈਂਬਰਾਂ ਦਾ ਨਿੱਘਾ ਸਵਾਗਤ ਕਰਦਿਆਂ ਬੇਹੱਦ ਖੁਸ਼ੀ ਹੋ ਰਹੀ ਹੈ। ਮੈਨੂੰ ਇਸ ਬਜਟ ਇਜਲਾਸ ਨੂੰ ਸੰਬੋਧਨ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ ਅਤੇ ਮੈਂ ਇਸ ਮੌਕੇ ਆਪ ਸਭ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਵਿਧਾਨ ਸਭਾ ਦਾ ਸਾਲਾਨਾ ਬਜਟ ਇਜਲਾਸ ਬਹੁਤ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਹ ਆਪਣੇ ਨਾਗਰਿਕਾਂ ਦੀ ਭਲਾਈ ਲਈ ਸਰਕਾਰ ਦੇ ਨਜ਼ਰੀਏ ਨੂੰ ਦਰਸਾਉਂਦਾ ਹੈ। ਇਸ ਲਈ ਮੈਂ ਉਮੀਦ ਕਰਦਾ ਹਾਂ ਕਿ ਇਸ ਇਜਲਾਸ ਦੌਰਾਨ ਹੋਣ ਵਾਲਾ ਵਿਚਾਰ-ਵਟਾਂਦਰਾ ਪੰਜਾਬ ਦੇ ਲੋਕਾਂ ਦੀ ਪ੍ਰਗਤੀ ਅਤੇ ਖੁਸ਼ਹਾਲੀ ਲਈ ਸਾਰਥਕ ਕਦਮਾਂ ਵਿੱਚ ਤਬਦੀਲ ਹੋਵੇਗਾ।

2. ਮੇਰੀ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਰਾਹੀਂ ਇੱਕ ਲਚਕੀਲੀ, ਸਮਾਵੇਸ਼ੀ ਅਤੇ ਲੋਕ-ਪੱਖੀ ਸਿਹਤ ਸੰਭਾਲ ਵਿਵਸਥਾ ਕਰਨ ਲਈ ਆਪਣੀ ਅਟੱਲ ਵਚਨਬੱਧਤਾ ਨਾਲ ਕਾਰਜਸ਼ੀਲ ਹੈ ਅਤੇ ਇਹ ਸਿਹਤ ਵਿਵਸਥਾ ਪੰਜਾਬ ਦੇ ਹਰ ਕੋਨੇ ਵਿੱਚ ਭਾਵ ਦੂਰ-ਦੁਰਾਡੇ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਪ੍ਰਤੱਖ ਰੂਪ ਨਾਲ ਨਜ਼ਰ ਆਉਂਦੀ ਹੈ। ਮੇਰੀ ਸਰਕਾਰ ਨੇ ਯੂਨੀਵਰਸਲ ਹੈਲਥ ਕਵਰੇਜ ਦੇ ਸੰਕਲਪ ਨੂੰ ਅਪਣਾਉਂਦੇ ਹੋਏ ਜਨਤਕ ਸਿਹਤ ਸੰਭਾਲ ਦੇ ਨੈੱਟਵਰਕ ਨੂੰ ਵਿਆਪਕ ਤੌਰ 'ਤੇ ਮਜ਼ਬੂਤ ਕੀਤਾ ਹੈ ਜੋ ਇੱਕ ਏਕੀਕ੍ਰਿਤ ਪ੍ਰਣਾਲੀ ਅਧੀਨ ਬਿਮਾਰੀਆਂ ਦੀ ਰੋਕਥਾਮ, ਸਿਹਤ ਜਾਗਰੂਕਤਾ ਅਤੇ ਇਲਾਜ ਸੰਬੰਧੀ ਸੇਵਾਵਾਂ ਪ੍ਰਦਾਨ ਕਰਦਾ ਹੈ। ਸਿਹਤ ਖੇਤਰ ਵਿਚ ਆਈ ਇਸ ਕ੍ਰਾਂਤੀ ਦਾ ਮੁੱਖ ਅਧਾਰ '881 ਆਮ ਆਦਮੀ ਕਲੀਨਿਕ' ਹਨ। ਇਹ ਪ੍ਰਮੁੱਖ ਪਹਿਲਕਦਮੀ ਤੇਜ਼ੀ ਨਾਲ ਪ੍ਰਾਇਮਰੀ ਸਿਹਤ ਸੰਭਾਲ ਸੇਵਾਵਾਂ ਦੇ ਵਿਸ਼ਵ-ਪੱਧਰੀ ਮਾਡਲ ਵਜੋਂ ਉੱਭਰ ਰਹੀ ਹੈ ਜੋ ਦੇਸ਼ਾਂ-ਵਿਦੇਸ਼ਾਂ ਵਿਚ ਭਰਪੂਰ ਸ਼ਲਾਘਾ ਪ੍ਰਾਪਤ ਕਰ ਰਹੀ ਹੈ। ਇਹ ਕਲੀਨਿਕ 107 ਦਵਾਈਆਂ ਅਤੇ 47 ਡਾਇਗਨੌਸਟਿਕ ਟੈਸਟ ਮੁਫ਼ਤ ਪ੍ਰਦਾਨ ਕਰਦੇ ਹਨ। ਪਹਿਲਾਂ ਹੀ 4.9 ਕਰੋੜ ਤੋਂ ਵੱਧ ਲੋਕ ਓ.ਪੀ.ਡੀ. ਦਾ ਲਾਭ ਉਠਾ ਚੁੱਕੇ ਹਨ ਜਿਨ੍ਹਾਂ ਵਿੱਚ 1.6 ਕਰੋੜ ਵਿਸ਼ੇਸ਼ ਬਿਮਾਰੀਆਂ ਦੇ ਮਰੀਜ਼ ਸ਼ਾਮਲ ਹਨ। ਇਨ੍ਹਾਂ ਕਲੀਨਿਕਾਂ ਨੇ ਜੋ ਜਨਤਕ

ਵਿਸ਼ਵਾਸ ਕਮਾਇਆ ਹੈ, ਉਸਦਾ ਪੈਮਾਨਾ ਇੱਕ ਸ਼ਾਨਦਾਰ ਤੱਥ ਵਿੱਚ ਸਭ ਤੋਂ ਵਧੀਆ ਝਲਕਦਾ ਹੈ ਜਿਸ ਵਿੱਚ ਓ.ਪੀ.ਡੀ. ਵਿਜ਼ਿਟਸ ਵਿੱਚ ਸਿਰਫ਼ ਤਿੰਨ ਸਾਲਾਂ ਵਿੱਚ ਲਗਭਗ ਛੇ ਗੁਣਾ ਵਾਧਾ ਹੋਇਆ ਹੈ। ਇਹ ਵਾਧਾ 2022–23 ਵਿੱਚ 34 ਲੱਖ ਤੋਂ ਵਧ ਕੇ 2025–26 ਵਿੱਚ 2 ਕਰੋੜ ਤੋਂ ਵੀ ਉਪਰ ਪਹੁੰਚ ਗਿਆ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ 240 ਹੋਰ ਆਮ ਆਦਮੀ ਕਲੀਨਿਕ ਜਲਦੀ ਹੀ ਚਾਲੂ ਕਰ ਦਿੱਤੇ ਜਾਣਗੇ ਜਿਸ ਨਾਲ ਇਸ ਭਰੋਸੇਮੰਦ ਨੈੱਟਵਰਕ ਦਾ ਘੇਰਾ ਪੰਜਾਬ ਦੇ ਹੋਰ ਵੀ ਵਧੇਰੇ ਪਰਿਵਾਰਾਂ ਤੱਕ ਫੈਲੇਗਾ।

3. ਆਮ ਆਦਮੀ ਕਲੀਨਿਕਾਂ ਦੀ ਅਸਲ ਵਿੱਚ ਖਾਸੀਅਤ ਇਹ ਹੈ ਕਿ ਇਹ ਆਮ ਨਾਗਰਿਕ ਲਈ ਕੀ ਮਾਅਨੇ ਰੱਖਦੇ ਹਨ। ਕੁੱਝ ਸਾਲ ਪਹਿਲਾਂ ਹੀ ਲੋਕਾਂ ਨੂੰ ਸਿਰਫ਼ ਇੱਕ ਡਾਕਟਰ ਨੂੰ ਦਿਖਾਉਣ ਜਾਂ ਬੁਨਿਆਦੀ ਟੈਸਟ ਕਰਵਾਉਣ ਲਈ ਵੀ ਲੰਮਾ ਸਫ਼ਰ ਤੈਅ ਕਰਨਾ ਪੈਂਦਾ ਸੀ ਜਿਸ ਕਰ ਕੇ ਕੀਮਤੀ ਸਮਾਂ ਅਤੇ ਪੈਸਾ ਖਰਚ ਕਰਨਾ ਪੈਂਦਾ ਸੀ। ਅੱਜ ਪੰਜਾਬ ਦੇ ਨਾਗਰਿਕਾਂ ਦੀ ਸੇਵਾ ਅਤੇ ਦੇਖਭਾਲ ਲਈ ਉਨ੍ਹਾਂ ਦੀ ਰਿਹਾਇਸ਼ ਨੇੜਲੇ ਆਮ ਆਦਮੀ ਕਲੀਨਿਕ ਵਿੱਚ ਮਾਹਰ ਐੱਮ.ਬੀ.ਬੀ.ਐੱਸ. ਡਾਕਟਰ ਪੂਰੇ ਸਨਮਾਨ ਅਤੇ ਤਨਦੇਹੀ ਨਾਲ ਸੇਵਾਵਾਂ ਦੇ ਰਹੇ ਹਨ। ਹਰ ਮਹੀਨੇ, 30,000 ਤੋਂ ਵੱਧ ਗਰਭਵਤੀ ਔਰਤਾਂ ਗਰਭ-ਅਵਸਥਾ ਨਾਲ ਸਬੰਧਤ ਜਾਂਚਾਂ ਲਈ ਇਨ੍ਹਾਂ ਕਲੀਨਿਕਾਂ ਵਿੱਚ ਆਉਂਦੀਆਂ ਹਨ। ਇਸ ਸੁਚਾਰੂ ਸੇਵਾ ਨੇ ਮਾਤਾਵੀ ਮੌਤ ਦਰ (Maternal Mortality Ratio) ਨੂੰ 105 ਤੋਂ ਘਟਾ ਕੇ 90 ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਜੋ ਸੁਰੱਖਿਅਤ ਮਾਂ ਬਣਨ ਪ੍ਰਤੀ ਸਾਡੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਕਲੀਨਿਕਾਂ ਵਿਚ ਹੁਣ ਹਰ ਮਹੀਨੇ 3,000 ਮਰੀਜਾਂ ਦਾ ਐਂਟੀ-ਰੇਬੀਜ਼ ਟੀਕਾਕਰਨ ਕੀਤਾ ਜਾਂਦਾ ਹੈ, ਇਹ ਉਹ ਸਹੂਲਤ ਹੈ ਜਿਸ ਲਈ ਕਦੇ ਦੂਰ-ਦੁਰਾਡੇ ਕਿਸੇ ਹਸਪਤਾਲ ਤੱਕ ਲੰਮੀ ਅਤੇ ਤਕਲੀਫ਼ਦੇਹ ਯਾਤਰਾ ਕਰਨੀ ਪੈਂਦੀ ਸੀ।

4. ਮੇਰੀ ਸਰਕਾਰ ਨੇ ਜ਼ਿਲ੍ਹਾ ਅਤੇ ਸਬ-ਡਵੀਜ਼ਨਲ ਹਸਪਤਾਲਾਂ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਹਨ ਤਾਂ ਜੋ ਨਾਗਰਿਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਗੁਣਵੱਤਾ ਵਾਲੀਆਂ ਸੈਕੰਡਰੀ ਦੇਖਭਾਲ ਸੇਵਾਵਾਂ ਪਹੁੰਚਯੋਗ ਹੋਣ। ਜਨਤਕ

ਹਸਪਤਾਲਾਂ ਵਿੱਚ ਸਮਰਪਿਤ ਜੱਚਾ-ਬੱਚਾ ਹੈਲਥ ਵਿੰਗ ਸਥਾਪਿਤ ਕੀਤੇ ਗਏ ਹਨ ਤਾਂ ਜੋ ਮਾਤਾ ਅਤੇ ਨਵਜਾਤ ਸ਼ਿਸ਼ੂ ਦੇਖਭਾਲ ਸੇਵਾਵਾਂ ਵਿੱਚ ਮਹੱਤਵਪੂਰਨ ਵਾਧਾ ਕੀਤਾ ਜਾ ਸਕੇ। ਇਹ ਸਹੂਲਤਾਂ ਮਾਵਾਂ ਅਤੇ ਬੱਚਿਆਂ ਨੂੰ ਵਿਆਪਕ, ਸਤਿਕਾਰਯੋਗ ਅਤੇ ਮਿਆਰੀ ਦੇਖਭਾਲ ਪ੍ਰਦਾਨ ਕਰਨ ਦੇ ਸਮਰੱਥ ਹਨ ਜੋ ਸੁਰੱਖਿਅਤ ਮਾਂ ਬਣਨ ਅਤੇ ਬਿਹਤਰ ਬਾਲ ਸਿਹਤ ਨਤੀਜਿਆਂ ਪ੍ਰਤੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀਆਂ ਹਨ। ਮੇਰੀ ਸਰਕਾਰ ਜ਼ਿਲ੍ਹਾ ਹਸਪਤਾਲਾਂ ਵਿੱਚ ਐੱਮ.ਆਰ.ਆਈ. ਸੇਵਾਵਾਂ ਦਾ ਵਿਸਤਾਰ ਕਰਕੇ ਅਤੇ ਹੋਰ ਸੰਸਥਾਵਾਂ ਵਿੱਚ ਸੀ.ਟੀ. ਸਕੈਨ ਸਹੂਲਤਾਂ ਵਧਾ ਕੇ ਡਾਇਗਨੌਸਟਿਕ ਨੈੱਟਵਰਕ ਨੂੰ ਹੋਰ ਮਜ਼ਬੂਤ ਕਰ ਰਹੀ ਹੈ, ਜਿਸ ਨਾਲ ਸੂਬੇ ਭਰ ਵਿੱਚ ਉੱਨਤ ਡਾਕਟਰੀ ਦੇਖਭਾਲ ਤੱਕ ਪਹੁੰਚ ਬਿਹਤਰ ਹੋ ਰਹੀ ਹੈ। ਇਨ੍ਹਾਂ ਕੇਂਦ੍ਰਿਤ ਪਹਿਲਕਦਮੀਆਂ ਰਾਹੀਂ ਅਸੀਂ ਪੰਜਾਬ ਦੇ ਲੋਕਾਂ ਲਈ ਇੱਕ ਮਜ਼ਬੂਤ, ਵਧੇਰੇ ਜਵਾਬਦੇਹ ਅਤੇ ਬਰਾਬਰੀ ਵਾਲੀ ਸਿਹਤ ਸੰਭਾਲ ਪ੍ਰਣਾਲੀ ਬਣਾ ਰਹੇ ਹਾਂ।

5. ਮੇਰੀ ਸਰਕਾਰ ਨੇ ਸੂਬੇ ਵਿੱਚ ਕੈਂਸਰ ਦੇਖਭਾਲ ਸੇਵਾਵਾਂ ਨੂੰ ਮਜ਼ਬੂਤ ਕਰਨ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਸਮੇਂ ਸਿਰ ਅਤੇ ਸਹੀ ਜਾਂਚ ਦੀ ਲੋੜ ਨੂੰ ਪਛਾਣਦਿਆਂ, ਅੰਮ੍ਰਿਤਸਰ, ਪਟਿਆਲਾ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਐਡਵਾਂਸਡ ਪੀ.ਈ.ਟੀ. ਸਕੈਨ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਹ ਸਹੂਲਤਾਂ ਅਗਲੇ ਕੁਝ ਮਹੀਨਿਆਂ ਵਿੱਚ ਚਾਲੂ ਹੋ ਜਾਣਗੀਆਂ ਅਤੇ ਜਨਤਕ ਸਿਹਤ ਸੰਭਾਲ ਪ੍ਰਣਾਲੀ ਅੰਦਰ ਕੈਂਸਰ ਮਰੀਜ਼ਾਂ ਲਈ ਛੇਤੀ ਪਛਾਣ, ਸਟੇਜਿੰਗ ਅਤੇ ਇਲਾਜ ਦੀ ਯੋਜਨਾਬੰਦੀ ਵਿੱਚ ਮਹੱਤਵਪੂਰਨ ਵਾਧਾ ਕਰਨਗੀਆਂ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਨੇ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਤਹਿਤ ਕੈਂਸਰ ਦੇ ਕੈਸ਼ਲੈੱਸ ਇਲਾਜ ਦੀ ਸਹੂਲਤ ਦਿੱਤੀ ਹੈ। ਇਹ ਸਕੀਮ 10 ਸਰਕਾਰੀ ਅਤੇ 11 ਪੈਨਲਬੱਧ ਪ੍ਰਾਈਵੇਟ ਹਸਪਤਾਲਾਂ ਦੇ ਨੈੱਟਵਰਕ ਰਾਹੀਂ ਪ੍ਰਤੀ ਮਰੀਜ਼ 1.50 ਲੱਖ ਰੁਪਏ (ਇੱਕ ਲੱਖ ਪੰਜਾਹ ਹਜ਼ਾਰ) ਤੱਕ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਹੁਣ ਤੱਕ, 74,000 ਤੋਂ ਵੱਧ ਕੈਂਸਰ ਮਰੀਜ਼ਾਂ ਨੂੰ 957 ਕਰੋੜ ਰੁਪਏ ਤੋਂ ਵੱਧ ਦੀ ਸਹਾਇਤਾ ਪ੍ਰਦਾਨ ਕੀਤੀ ਜਾ ਚੁੱਕੀ ਹੈ।

6. ਹਸਪਤਾਲਾਂ ਦੀ ਸਮਰੱਥਾ ਵਿੱਚ ਮਹੱਤਵਪੂਰਨ ਵਾਧਾ ਕਰਨ ਅਤੇ ਮਰੀਜ਼ਾਂ ਦੀ ਦੇਖਭਾਲ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ, ਮੇਰੇ ਸੂਬੇ ਨੇ ਸਰਕਾਰੀ ਹਸਪਤਾਲਾਂ ਲਈ ਲਗਭਗ 300 ਕਰੋੜ ਰੁਪਏ ਦੇ ਨਿਵੇਸ਼ ਨਾਲ, ਐਡਵਾਂਸਡ ਮੈਡੀਕਲ ਉਪਕਰਣਾਂ ਅਤੇ ਮਸ਼ੀਨਰੀ ਦੀ ਵੱਡੇ ਪੱਧਰ 'ਤੇ ਖਰੀਦਦਾਰੀ ਕੀਤੀ ਹੈ।

7. ਮੇਰੀ ਸਰਕਾਰ ਨੇ ਇਤਿਹਾਸ ਵਿੱਚ ਡਾਕਟਰਾਂ ਦੀ ਸਭ ਤੋਂ ਵੱਡੀ ਭਰਤੀ ਕੀਤੀ ਹੈ। 2022 ਤੋਂ ਬਾਅਦ ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਲਈ ਕੁੱਲ 934 ਡਾਕਟਰਾਂ ਦੀ ਭਰਤੀ ਕੀਤੀ ਹੈ ਜੋ ਕਿ ਇਸ ਵੇਲੇ ਸੂਬੇ ਵਿੱਚ ਸੇਵਾ ਨਿਭਾ ਰਹੇ ਕੁੱਲ ਡਾਕਟਰਾਂ ਦਾ ਲਗਭਗ 25% ਹੈ। ਮੇਰੇ ਸੂਬੇ ਨੇ ਲਗਭਗ 400 ਸਪੈਸ਼ਲਿਸਟ ਡਾਕਟਰਾਂ ਦੀ ਭਰਤੀ ਅਤੇ ਇੰਪੈਨਲਮੈਂਟ ਸ਼ੁਰੂ ਕੀਤਾ ਹੈ ਜੋ ਸਪੈਸ਼ਲਿਸਟਾਂ ਦੇ ਸਭ ਤੋਂ ਵੱਡੇ ਵਾਧੇ ਨੂੰ ਦਰਸਾਉਂਦਾ ਹੈ। ਲਗਭਗ 400 ਨਰਸਿੰਗ ਕਰਮਚਾਰੀਆਂ ਦੀ ਭਰਤੀ ਮੁਕੰਮਲ ਹੋ ਚੁੱਕੀ ਹੈ, ਜਦੋਂ ਕਿ 500 ਹੋਰ ਭਰਤੀਆਂ ਦੀ ਪ੍ਰਕ੍ਰਿਆ ਜਲਦੀ ਸ਼ੁਰੂ ਕੀਤੀ ਜਾ ਰਹੀ ਹੈ ।

8. ਮੇਰੀ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪੰਜਾਬ ਦੀ ਪੂਰੀ ਆਬਾਦੀ ਨੂੰ 100% ਸਿਹਤ ਕਵਰੇਜ ਪ੍ਰਦਾਨ ਕਰਕੇ ਯੂਨੀਵਰਸਲ ਹੈਲਥ ਕਵਰੇਜ ਦੇ ਟੀਚੇ ਵੱਲ ਇੱਕ ਇਤਿਹਾਸਕ ਕਦਮ ਚੁੱਕਿਆ ਹੈ। ਇਸ ਕਾਇਆਕਲਪੀ ਪਹਿਲ ਤਹਿਤ ਸੂਬੇ ਦਾ ਹਰ ਪਰਿਵਾਰ 2356 ਮੈਡੀਕਲ ਅਤੇ ਸਰਜੀਕਲ ਪ੍ਰਕਿਰਿਆਵਾਂ ਲਈ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦੇ ਕੈਸ਼ਲੈੱਸ ਇਲਾਜ ਦਾ ਹੱਕਦਾਰ ਹੈ। ਇਹ ਸਕੀਮ ਪੂਰੇ ਪੰਜਾਬ ਅਤੇ ਚੰਡੀਗੜ੍ਹ ਵਿੱਚ ਲਗਭਗ 900 ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਦੇ ਇੱਕ ਵਿਆਪਕ ਨੈੱਟਵਰਕ ਰਾਹੀਂ ਲਾਗੂ ਕੀਤੀ ਜਾ ਰਹੀ ਹੈ ਜੋ ਨਾਗਰਿਕਾਂ ਲਈ ਮਿਆਰੀ ਇਲਾਜ ਤੱਕ ਨਿਰਵਿਘਨ ਪਹੁੰਚ ਨੂੰ ਯਕੀਨੀ ਬਣਾਉਂਦੀ ਹੈ। ਸਰਲ ਦਸਤਾਵੇਜ਼ੀ ਅਤੇ ਨਾਗਰਿਕ ਪੱਖੀ ਪ੍ਰਕਿਰਿਆਵਾਂ ਦੇ ਨਾਲ, ਇਹ ਸਕੀਮ 22 ਜਨਵਰੀ, 2026 ਨੂੰ ਰਸਮੀ ਤੌਰ 'ਤੇ ਲਾਗੂ ਕਰ ਦਿੱਤੀ ਗਈ ਸੀ। ਹਰ ਯੋਗ ਨਾਗਰਿਕ ਨੂੰ ਇੱਕ ਸਿਹਤ ਕਾਰਡ (ਹੈਲਥ ਕਾਰਡ) ਜਾਰੀ ਕੀਤਾ ਜਾ ਰਿਹਾ ਹੈ ਤਾਂ ਜੋ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਕੈਸ਼ਲੈੱਸ ਇਲਾਜ ਨੂੰ ਸੰਭਵ ਬਣਾਇਆ ਜਾ ਸਕੇ।

9. ਪੰਜਾਬ ਸਰਕਾਰ ਐਡਵਾਂਸਡ ਟਰਸ਼ਰੀ ਦੇਖਭਾਲ ਦੀ ਮਜ਼ਬੂਤੀ 'ਤੇ ਅਧਾਰਤ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਕਿਡਨੀ ਟ੍ਰਾਂਸਪਲਾਂਟ ਸੇਵਾਵਾਂ ਸ਼ੁਰੂ ਕਰਨ ਦੀ ਯੋਜਨਾ ਬਣਾ ਕੇ ਇੱਕ ਨਵਾਂ ਮੀਲ ਪੱਥਰ ਸਥਾਪਿਤ ਕਰਨ ਜਾ ਰਹੀ ਹੈ।

10. ਪੰਜਾਬ ਸਰਕਾਰ ਨੇ ਸੂਬੇ ਵਿੱਚ ਡਾਇਲਸਿਸ ਸਮਰੱਥਾ ਨੂੰ 4,800 ਤੱਕ ਵਧਾ ਕੇ ਕਿਡਨੀ ਦੀ ਦੇਖਭਾਲ ਨੂੰ ਮਜ਼ਬੂਤ ਕਰਨ ਲਈ ਵੱਡੇ ਅਤੇ ਨਿਰਣਾਇਕ ਕਦਮ ਚੁੱਕੇ ਹਨ। ਇਸ ਮਹੱਤਵਪੂਰਨ ਵਿਸਤਾਰ ਸਦਕਾ ਜਾਨ-ਬਚਾਊ ਡਾਇਲਸਿਸ ਸੇਵਾਵਾਂ ਤੱਕ ਪਹੁੰਚ ਵਿੱਚ ਵੱਡਾ ਸੁਧਾਰ ਹੋਇਆ ਹੈ, ਇਸ ਨਾਲ ਨਾ ਕੇਵਲ ਉਡੀਕ ਸਮਾਂ ਘਟਿਆ ਹੈ, ਸਗੋਂ ਜਨਤਕ ਸਿਹਤ ਪ੍ਰਣਾਲੀ ਰਾਹੀਂ ਗੁਰਦਿਆਂ ਦੀ ਮਿਆਰੀ ਦੇਖਭਾਲ ਹੁਣ ਆਮ ਲੋਕਾਂ ਦੀ ਪਹੁੰਚ ਵਿੱਚ ਆ ਗਈ ਹੈ।

11. ਪੰਜਾਬ ਸਰਕਾਰ ਅੰਮ੍ਰਿਤਸਰ ਤੇ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜਾਂ ਅਤੇ ਏਮਜ਼ ਮੋਹਾਲੀ ਵਿਖੇ ਮੁਫ਼ਤ ਕੋਕਲੀਅਰ ਇਮਪਲਾਂਟ ਸੇਵਾਵਾਂ ਸ਼ੁਰੂ ਕਰਕੇ ਸਮਾਵੇਸ਼ੀ ਅਤੇ ਉੱਨਤ ਸਿਹਤ ਸੰਭਾਲ ਵੱਲ ਮਹੱਤਵਪੂਰਨ ਕਦਮ ਚੁੱਕ ਰਹੀ ਹੈ। ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਕੋਕਲੀਅਰ ਇਮਪਲਾਂਟ ਸਰਜਰੀਆਂ ਪਹਿਲਾਂ ਹੀ ਸਫਲਤਾਪੂਰਵਕ ਕੀਤੀਆਂ ਜਾ ਚੁੱਕੀਆਂ ਹਨ ਜੋ ਸੁਣਨ ਦੀ ਸਮਰੱਥਾ ਬਹਾਲ ਕਰਨ ਅਤੇ ਸੁਣਨ ਸ਼ਕਤੀ ਦੀ ਤੀਬਰ ਘਾਟ ਵਾਲੇ ਬੱਚਿਆਂ ਅਤੇ ਬਾਲਗਾਂ ਦੀਆਂ ਜ਼ਿੰਦਗੀਆਂ ਬਦਲਣ ਵਿੱਚ ਇੱਕ ਵੱਡਾ ਮੀਲ ਪੱਥਰ ਹੈ।

12. ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਅਤੇ ਹੋਰ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਐੱਮ.ਬੀ.ਬੀ.ਐੱਸ/ਐਮ.ਡੀ./ਐੱਮ.ਐਸ ਦੀਆਂ ਸੀਟਾਂ ਵਿੱਚ ਵਾਧਾ ਕਰਕੇ ਮੈਡੀਕਲ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿੱਚ 100 ਐੱਮ.ਬੀ.ਬੀ.ਐੱਸ ਸੀਟਾਂ, ਦਇਆਨੰਦ ਮੈਡੀਕਲ

ਕਾਲਜ, ਲੁਧਿਆਣਾ ਵਿੱਚ 50 ਐੱਮ.ਬੀ.ਬੀ.ਐੱਸ ਸੀਟਾਂ ਅਤੇ ਈ. ਐੱਸ.ਆਈ.ਸੀ ਮੈਡੀਕਲ ਕਾਲਜ, ਲੁਧਿਆਣਾ ਵਿੱਚ 50 ਐੱਮ.ਬੀ.ਬੀ.ਐੱਸ ਸੀਟਾਂ ਵਧਾਈਆਂ ਗਈਆਂ ਹਨ।

13. 'ਸੀ.ਐਮ. ਦੀ ਯੋਗਸ਼ਾਲਾ' ਮੇਰੀ ਸਰਕਾਰ ਦੀ ਤੰਦਰੁਸਤੀ ਪ੍ਰਤੀ ਇੱਕ ਪ੍ਰਮੁੱਖ ਪਹਿਲਕਦਮੀ ਹੈ, ਜਿਸਦਾ ਉਦੇਸ਼ ਸੂਬੇ ਭਰ ਵਿੱਚ ਰੋਕਥਾਮੀ ਸਿਹਤ ਸੰਭਾਲ ਅਤੇ ਸੰਪੂਰਨ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਹੈ। ਵਰਤਮਾਨ ਸਮੇਂ, ਸਾਰੇ ਜ਼ਿਲ੍ਹਿਆਂ ਦੇ ਸ਼ਹਿਰਾਂ ਵਿੱਚ ਰੋਜ਼ਾਨਾ ਨਿਗਰਾਨੀ ਅਧੀਨ ਲਗਭਗ 5000 ਯੋਗਾ ਸੈਸ਼ਨ ਕਰਵਾਏ ਜਾਂਦੇ ਹਨ ਜਿਸ ਤੋਂ ਲਗਭਗ 1.5 ਲੱਖ ਨਾਗਰਿਕਾਂ ਨੂੰ ਲਾਭ ਹੋਇਆ। ਇਸ ਪ੍ਰੋਗਰਾਮ ਦਾ ਵਿਸਤਾਰ ਹੁਸ਼ਿਆਰਪੁਰ, ਪਠਾਨਕੋਟ ਅਤੇ ਗੁਰਦਾਸਪੁਰ ਵਰਗੇ ਜ਼ਿਲ੍ਹਿਆਂ ਦੇ ਪਿੰਡ-ਪੱਧਰ ਤੱਕ ਹੋ ਗਿਆ ਹੈ, ਜੋ ਕਿ ਸਿਹਤ ਸੇਵਾਵਾਂ ਦੀ ਜ਼ਮੀਨੀ ਪੱਧਰ ਤੱਕ ਪਹੁੰਚ ਦੀ ਇੱਕ ਵਧੀਆ ਮਿਸਾਲ ਹੈ।

14. ਮੇਰੀ ਸਰਕਾਰ ਨੇ ਸੂਬੇ ਭਰ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਤਸਕਰੀ ਦਾ ਮੁਕਾਬਲਾ ਕਰਨ ਲਈ ਇੱਕ ਵਿਆਪਕ ਅਤੇ ਦ੍ਰਿੜ੍ਹ ਇਰਾਦੇ ਵਾਲੀ ਮੁਹਿੰਮ, 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤੀ ਹੈ। ਇਸ ਮੁਹਿੰਮ ਤਹਿਤ ਪਹੁੰਚਯੋਗ ਅਤੇ ਪ੍ਰਭਾਵੀ ਨਸ਼ਾ-ਮੁਕਤੀ ਸੇਵਾਵਾਂ ਪ੍ਰਦਾਨ ਕਰਨ ਲਈ, ਓਪੀਔਇਡ ਵਰਤੋਂ ਵਿਕਾਰ ਦੇ ਇਲਾਜ ਲਈ ਸੂਬੇ ਭਰ ਵਿੱਚ ਕੁੱਲ 548 ਓਪੀਔਇਡ ਅਸਿਸਟਡ ਟ੍ਰੀਟਮੈਂਟ (OOAT) ਕਲੀਨਿਕ ਚਾਲੂ ਹਨ। ਇਸ ਤੋਂ ਇਲਾਵਾ 36 ਸਰਕਾਰੀ ਅਤੇ 177 ਪ੍ਰਾਈਵੇਟ ਨਸ਼ਾ-ਮੁਕਤੀ ਕੇਂਦਰ ਅਤੇ 19 ਸਰਕਾਰੀ ਅਤੇ 74 ਪ੍ਰਾਈਵੇਟ ਪੁਨਰਵਾਸ ਕੇਂਦਰ, ਇਲਾਜ ਅਤੇ ਲੰਬੇ ਸਮੇਂ ਦੀ ਰਿਕਵਰੀ ਲਈ ਕਾਰਜਸ਼ੀਲ ਹਨ। ਨਸ਼ਾ-ਮੁਕਤੀ ਸੇਵਾਵਾਂ ਨੂੰ ਹੁਣ 19 ਜੇਲ੍ਹਾਂ ਤੱਕ ਵੀ ਵਧਾ ਦਿੱਤਾ ਗਿਆ ਹੈ, ਜਿਸ ਨਾਲ ਕੈਦ ਕੀਤੇ ਗਏ ਵਿਅਕਤੀਆਂ ਲਈ ਦੇਖਭਾਲ ਦੀ ਨਿਰੰਤਰਤਾ ਯਕੀਨੀ ਬਣਾਈ ਗਈ ਹੈ। ਇਨ੍ਹਾਂ ਪਹਿਲਕਦਮੀਆਂ ਦੀ ਸ਼ੁਰੂਆਤ ਤੋਂ ਬਾਅਦ ਨਸ਼ਾ-ਮੁਕਤੀ ਅਤੇ ਪੁਨਰਵਾਸ ਨੈੱਟਵਰਕ ਰਾਹੀਂ 10.63 ਲੱਖ ਤੋਂ ਵੱਧ ਮਰੀਜ਼ਾਂ ਨੂੰ ਰਜਿਸਟਰ ਕੀਤਾ ਗਿਆ ਅਤੇ ਉਨ੍ਹਾਂ ਦਾ ਇਲਾਜ ਕੀਤਾ ਗਿਆ ਹੈ।

15. ਪੰਜਾਬ ਸਰਕਾਰ ਨੇ ਇਲਾਜ ਕੇਂਦਰਾਂ ਨੂੰ 25 ਤੋਂ ਵਧਾ ਕੇ 142 ਕਰਕੇ ਹੈਪੇਟਾਈਟਸ ਦੀ ਦੇਖਭਾਲ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ, ਜਿਸ ਵਿੱਚ 23 ਜ਼ਿਲ੍ਹਾ ਹਸਪਤਾਲ, 3

ਸਰਕਾਰੀ ਮੈਡੀਕਲ ਕਾਲਜ, 41 ਸਬ-ਡਵੀਜ਼ਨਲ ਹਸਪਤਾਲ, 22 ਏ.ਆਰ.ਟੀ ਕੇਂਦਰ, 27 ਓ.ਐਸ.ਟੀ ਸਾਈਟਾਂ, 25 ਜੇਲ੍ਹਾਂ ਅਤੇ ਪੀ.ਜੀ.ਆਈ ਚੰਡੀਗੜ੍ਹ ਸ਼ਾਮਲ ਹਨ। ਮੌਜੂਦਾ ਵਿੱਤੀ ਸਾਲ ਦੌਰਾਨ 4.34 ਲੱਖ ਤੋਂ ਵੱਧ ਲੋਕਾਂ ਦੀ ਹੈਪੇਟਾਈਟਸ-ਸੀ ਲਈ ਜਾਂਚ ਕੀਤੀ ਗਈ ਹੈ, ਜਿਸ ਵਿੱਚੋਂ 11,000 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ 3.22 ਲੱਖ ਤੋਂ ਵੱਧ ਵਿਅਕਤੀਆਂ ਦੀ ਹੈਪੇਟਾਈਟਸ-ਬੀ ਲਈ ਜਾਂਚ ਕੀਤੀ ਗਈ ਹੈ ਅਤੇ ਜਿਨ੍ਹਾਂ ਨੂੰ ਦੇਖਭਾਲ ਦੀ ਲੋੜ ਹੈ, ਉਨ੍ਹਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।

16. ਫੂਡ ਐਂਡ ਡਰੱਗਜ਼ ਐਡਮਨਿਸਟ੍ਰੇਸ਼ਨ ਪੰਜਾਬ ਨੇ 2025-26 ਦੌਰਾਨ 56,000 ਤੋਂ ਵੱਧ ਲਾਇਸੈਂਸ ਅਤੇ ਰਜਿਸਟ੍ਰੇਸ਼ਨਾਂ ਜਾਰੀ ਕੀਤੀਆਂ ਹਨ। ਵਿਭਾਗ ਦੀ ਸਖ਼ਤ ਕਾਰਵਾਈ ਸਦਕਾ 375 ਕਰੋੜ ਰੁਪਏ ਤੋਂ ਵੱਧ ਮੁੱਲ ਦੀਆਂ ਨਕਲੀ ਅਤੇ ਗੈਰ-ਮਿਆਰੀ ਦਵਾਈਆਂ ਜ਼ਬਤ ਕੀਤੀਆਂ ਗਈਆਂ ਹਨ ।

17. ਜ਼ਿਲ੍ਹਾ ਮੋਗਾ ਦੇ ਪਿੰਡ ਦੁੱਨੇਕੇ ਵਿਖੇ 50 ਬਿਸਤਰਿਆਂ ਵਾਲੇ ਏਕੀਕ੍ਰਿਤ ਆਯੁਸ਼ ਹਸਪਤਾਲ ਦਾ ਨਿਰਮਾਣ ਪੂਰਾ ਹੋ ਚੁੱਕਾ ਹੈ ਅਤੇ ਜ਼ਿਲ੍ਹਾ ਐੱਸ.ਏ.ਐੱਸ. ਨਗਰ (ਮੋਹਾਲੀ) ਦੇ ਪਿੰਡ ਜ਼ੀਰਕਪੁਰ ਵਿਖੇ ਦਿਆਲਪੁਰ ਸੋਢੀਆਂ ਵਿੱਚ ਅਜਿਹੇ ਹੀ ਇੱਕ ਹਸਪਤਾਲ ਦਾ ਕੰਮ ਚੱਲ ਰਿਹਾ ਹੈ।

18. ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਆਪਕ ਮੈਡੀਕਲ ਕੈਂਪ ਅਤੇ ਵਿਸ਼ੇਸ਼ ਜਨ ਸਿਹਤ ਮੁਹਿੰਮਾਂ ਚਲਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਫੌਗਿੰਗ, ਆਸ਼ਾ ਵਰਕਰਾਂ ਵੱਲੋਂ ਘਰ-ਘਰ ਜਾ ਕੇ ਜਾਗਰੁਕਤਾ ਫੈਲਾਉਣ ਅਤੇ ਦਵਾਈਆਂ ਦੀਆਂ ਕਿੱਟਾਂ ਵੰਡਣਾ ਸ਼ਾਮਲ ਸੀ। ਇਸੇ ਤਰ੍ਹਾਂ 2,300 ਤੋਂ ਵੱਧ ਪਿੰਡਾਂ ਵਿੱਚ ਸਿਹਤ ਕੈਂਪ ਲਗਾ ਕੇ 8 ਲੱਖ ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਨ੍ਹਾਂ ਕੈਪਾਂ ਸਦਕਾ ਸੰਕਟ ਦੇ ਸਮੇਂ ਦੌਰਾਨ ਲੋਕਾਂ ਨੂੰ ਨਾ ਕੇਵਲ ਤੁਰੰਤ ਸਿਹਤ ਸਹੂਲਤਾਂ ਹੀ ਪ੍ਰਦਾਨ ਕੀਤੀਆਂ ਗਈਆਂ ਸਗੋਂ ਬਿਮਾਰੀਆਂ ਦੀ ਰੋਕਥਾਮ ਨੂੰ ਵੀ ਯਕੀਨੀ ਬਣਾਇਆ ਗਿਆ।

19. ਮੇਰੀ ਸਰਕਾਰ ਨੇ ਇਸ ਸਾਲ ਦੌਰਾਨ ਮੈਡੀਕਲ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਸਹੂਲਤਾਂ ਨੂੰ ਅਪਗ੍ਰੇਡ ਕੀਤਾ ਹੈ। ਰਾਜਿੰਦਰਾ ਹਸਪਤਾਲ ਪਟਿਆਲਾ ਦੇ ਐਮਰਜੈਂਸੀ ਵਿੰਗ ਨੂੰ 100

ਬਿਸਤਰਿਆਂ ਦੀ ਸਮਰੱਥਾ ਨਾਲ ਅਪਗ੍ਰੇਡ ਕੀਤਾ ਗਿਆ ਹੈ ਜਿਸ ਵਿੱਚ ਆਈ.ਸੀ.ਯੂ. ਅਤੇ ਮਰੀਜ਼ਾਂ ਦੇ ਨਾਲ-ਨਾਲ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਵੀ ਸਹੂਲਤਾਂ ਸ਼ਾਮਲ ਹਨ। ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਚੱਲ ਰਹੇ ਪ੍ਰੋਜੈਕਟਾਂ ਵਿੱਚ 3.05 ਕਰੋੜ ਰੁਪਏ ਦੀ ਲਾਗਤ ਵਾਲਾ ਬਰਨ ਯੂਨਿਟ, 17.68 ਕਰੋੜ ਰੁਪਏ ਦੀ ਲਾਗਤ ਵਾਲੇ ਸੀਨੀਅਰ ਰੈਜ਼ੀਡੈਂਟ ਹਾਊਸ, 15.59 ਕਰੋੜ ਰੁਪਏ ਦੀ ਲਾਗਤ ਵਾਲੇ ਫੈਕਲਟੀ ਹਾਊਸ, 13.53 ਕਰੋੜ ਰੁਪਏ ਦੀ ਲਾਗਤ ਵਾਲੇ ਜੂਨੀਅਰ ਰੈਜ਼ੀਡੈਂਟ ਹੋਸਟਲ ਅਤੇ 76.33 ਕਰੋੜ ਰੁਪਏ ਦੀ ਲਾਗਤ ਵਾਲੇ ਗਰੁੱਪ ਸੀ ਅਤੇ ਗਰੁੱਪ ਡੀ ਸਟਾਫ ਹਾਊਸ ਸ਼ਾਮਲ ਹਨ। ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਚੱਲ ਰਹੇ ਪ੍ਰੋਜੈਕਟਾਂ ਵਿੱਚ 59.81 ਕਰੋੜ ਰੁਪਏ ਅਤੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ 81.80 ਕਰੋੜ ਰੁਪਏ ਦੀ ਲਾਗਤ ਵਾਲੇ ਟਰੌਮਾ ਸੈਂਟਰਾਂ ਦਾ ਨਿਰਮਾਣ ਜਾਰੀ ਹੈ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿਖੇ 24 ਕਰੋੜ ਰੁਪਏ ਦੀ ਲਾਗਤ ਵਾਲਾ ਸੁਪਰ ਸਪੈਸ਼ਿਲਿਟੀ ਬਲਾਕ, 12 ਕਰੋੜ ਰੁਪਏ ਦੀ ਲਾਗਤ ਵਾਲਾ ਚਾਈਲਡ ਬਲਾਕ ਅਤੇ 4 ਕਰੋੜ ਰੁਪਏ ਦੀ ਲਾਗਤ ਨਾਲ ਕੈਫੇਟੇਰੀਆ ਬਿਲਡਿੰਗ ਤਿਆਰ ਕੀਤੀ ਜਾ ਰਹੀ ਹੈ। ਹੁਸ਼ਿਆਰਪੁਰ ਵਿਖੇ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਉਸਾਰੀ ਲਈ 274.75 ਕਰੋੜ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸਦੇ ਤਹਿਤ ਹਸਪਤਾਲ ਸਥਾਪਤ ਕਰਨ ਲਈ 131.00 ਕਰੋੜ ਰੁਪਏ ਦਾ ਵਰਕ ਆਰਡਰ ਦਿੱਤਾ ਗਿਆ ਹੈ ਅਤੇ ਕਾਲਜ ਦੀ ਸਥਾਪਨਾ ਲਈ ਟੈਂਡਰ ਪ੍ਰਕਿਰਿਆ ਇਸ ਸਮੇਂ ਪ੍ਰਗਤੀ ਅਧੀਨ ਹੈ। ਇਸ ਤੋਂ ਇਲਾਵਾ ਮੈਡੀਕਲ ਕਾਲਜ ਅਤੇ ਹਸਪਤਾਲ, ਕਪੂਰਥਲਾ ਦੀ ਉਸਾਰੀ ਲਈ 296.79 ਕਰੋੜ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਟੈਂਡਰ ਵੀ ਜਾਰੀ ਕੀਤਾ ਜਾ ਚੁੱਕਾ ਹੈ। ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼ (ਪੀ.ਆਈ.ਐੱਲ.ਬੀ.ਐੱਸ.), ਮੋਹਾਲੀ ਦੇ ਹਸਪਤਾਲ ਨੂੰ 54.60 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 175 ਬਿਸਤਰਿਆਂ ਤੱਕ ਅਪਗ੍ਰੇਡ ਕਰਨ ਦਾ ਪ੍ਰਸਤਾਵ ਹੈ ਅਤੇ ਇਸ ਲਈ ਟੈਂਡਰ ਪਹਿਲਾਂ ਹੀ ਪ੍ਰਕਿਰਿਆ ਅਧੀਨ ਹੈ।

20. ਮੇਰੀ ਸਰਕਾਰ ਨੇ ਐਡਵਾਂਸਡ ਟਰਸ਼ਰੀ ਦੇਖਭਾਲ ਸਿਹਤ ਸੇਵਾਵਾਂ ਪ੍ਰਤੀ ਇੱਕ ਭਵਿੱਖਮੁਖੀ ਅਤੇ ਪਰਿਵਰਤਨਕਾਰੀ ਪਹੁੰਚ ਅਪਣਾਈ ਹੈ। ਪਿਛਲੇ ਸਾਲ ਲਿਵਰ ਟ੍ਰਾਂਸਪਲਾਂਟ ਸੇਵਾਵਾਂ ਦੀ ਸਫਲਤਾਪੂਰਵਕ ਸ਼ੁਰੂਆਤ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਪੰਜਾਬ ਉਨ੍ਹਾਂ ਵਿਸ਼ੇਸ਼ ਰਾਜਾਂ ਵਿੱਚੋਂ ਇੱਕ ਬਣ ਗਿਆ ਹੈ ਜਿੱਥੇ ਸਰਕਾਰੀ ਸਿਹਤ ਸੰਸਥਾ ਵਿੱਚ ਅੰਗ ਟ੍ਰਾਂਸਪਲਾਂਟ ਦੀ ਸਹੂਲਤ ਉਪਲਬਧ ਕਰਾਈ ਜਾ ਰਹੀ ਹੈ। 'ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਜ਼' ਮੇਰੀ ਸਰਕਾਰ ਦੀ ਦੂਰਅੰਦੇਸ਼ੀ ਅਤੇ ਰਾਜ ਦੇ ਲੋਕਾਂ ਦੀ ਸਿਹਤਯਾਬੀ ਲਈ ਭਵਿੱਖੀ ਨਿਵੇਸ਼ ਦਾ ਪ੍ਰਮਾਣ ਹੈ।

21. ਮੇਰੀ ਸਰਕਾਰ ਨੇ "ਪੰਜਾਬ ਸਿੱਖਿਆ ਕ੍ਰਾਂਤੀ" ਅਧੀਨ ਅਪ੍ਰੈਲ, 2022 ਤੋਂ ਹੁਣ ਤੱਕ ਕੁੱਲ 13,765 ਅਧਿਆਪਕਾਂ ਦੀ ਭਰਤੀ ਕੀਤੀ ਹੈ। ਪੰਜ ਦਿਵਸੀ ਲੀਡਰਸ਼ਿਪ ਵਿਕਾਸ ਪ੍ਰੋਗਰਾਮ ਲਈ 234 ਪ੍ਰਿੰਸੀਪਲਾਂ/ਸਿੱਖਿਆ ਅਧਿਕਾਰੀਆਂ ਦੇ 7 ਬੈਚ ਸਿੰਗਾਪੁਰ, 199 ਹੈੱਡਮਾਸਟਰਾਂ ਦੇ 4 ਬੈਚ ਆਈ.ਆਈ.ਐੱਮ ਅਹਿਮਦਾਬਾਦ ਅਤੇ 144 ਪ੍ਰਾਇਮਰੀ ਕੇਡਰ ਅਧਿਆਪਕਾਂ ਦੇ 2 ਬੈਚ ਤੁਰਕੂ, ਫਿਨਲੈਂਡ ਭੇਜੇ ਹਨ।

22. ਸਾਡਾ ਰਾਜ, ਪਰਖ ਰਾਸ਼ਟਰੀ ਸਰਵੇਖਣ 2024 ਵਿੱਚ ਉੱਤਮ ਪ੍ਰਦਰਸ਼ਨ ਕਰਨ ਵਾਲੇ ਰਾਜ ਵਜੋਂ ਉਭਰਿਆ ਹੈ। ਸਕੂਲਾਂ ਵਿੱਚ ਸੁਰੱਖਿਆ ਅਤੇ ਸਫਾਈ ਲਈ ਲਗਭਗ 160 ਕਰੋੜ ਰੁਪਏ ਅਲਾਟ ਕੀਤੇ ਗਏ ਹਨ ਜਿਸ ਰਾਹੀਂ 2042 ਵਿੱਚੋਂ 1932 ਕੈਂਪਸ ਮੈਨੇਜਰ ਅਤੇ 1378 ਵਿੱਚੋਂ 1323 ਸੁਰੱਖਿਆ ਗਾਰਡ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਰਾਹੀਂ ਨਿਯੁਕਤ ਕੀਤੇ ਗਏ ਹਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 1792 ਚੌਂਕੀਦਾਰ ਅਤੇ 7876 ਸਫ਼ਾਈ ਸੇਵਕ ਭਰਤੀ ਕੀਤੇ ਗਏ।

23. ਮੇਰੀ ਸਰਕਾਰ ਦੇ ਅਧੀਨ ਕੁੱਲ 118 ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਸਕੂਲ ਆਫ਼ ਐਮੀਨੈਂਸ ਵਜੋਂ ਤਬਦੀਲ ਕੀਤਾ ਜਾ ਰਿਹਾ ਹੈ। ਹੁਣ ਤੱਕ 29 ਸਕੂਲ ਆਫ਼ ਐਮੀਨੈਂਸ ਲੋਕਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ।

24. ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਮੇਰੀ ਸਰਕਾਰ ਨੇ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਹਾਈ ਸਪੀਡ ਫਾਈਬਰ ਵਾਈਫਾਈ ਇੰਟਰਨੈਟ ਕਨੈਕਸ਼ਨਾਂ ਲਈ 20 ਕਰੋੜ ਰੁਪਏ ਦਾ ਬਜਟ ਪ੍ਰਦਾਨ ਕੀਤਾ ਹੈ। ਨਾਬਾਰਡ ਈ.ਡੀ.ਐੱਸ-39 ਦੇ ਤਹਿਤ ਵਿੱਤੀ ਸਾਲ 2025-26 ਵਿੱਚ 136.00 ਕਰੋੜ ਰੁਪਏ ਦੀ ਰਾਸ਼ੀ ਹੋਰ ਕਲਾਸਰੂਮ, ਵਿਗਿਆਨ ਪ੍ਰਯੋਗਸ਼ਾਲਾਵਾਂ, ਕੰਪਿਊਟਰ ਪ੍ਰਯੋਗਸ਼ਾਲਾਵਾਂ, ਬਹੁ-ਮੰਤਵੀ ਕਮਰੇ ਅਤੇ ਰਸੋਈਆਂ, ਮੈਡੀਕਲ ਕਮਰੇ, ਹੈੱਡ ਰੂਮ, ਖੇਡ ਦੇ ਮੈਦਾਨ ਅਤੇ ਕੁੜੀਆਂ/ਮੁੰਡਿਆਂ ਦੇ ਪਖਾਨਿਆਂ ਵਰਗੀਆਂ ਹੋਰ ਸਹੂਲਤਾਂ ਦੇ ਨਿਰਮਾਣ ਲਈ ਜਾਰੀ ਕੀਤੀ ਗਈ ਹੈ। ਇਸ ਪਹਿਲਕਦਮੀ ਤੋਂ ਕੁੱਲ 1703 ਸਰਕਾਰੀ ਸਕੂਲਾਂ ਨੂੰ ਲਾਭ ਹੋਇਆ ਹੈ। ਵਿੱਤੀ ਸਾਲ 2025-26 ਲਈ ਸਮੱਗਰਾ ਸਿੱਖਿਆ ਅਭਿਆਨ ਅਧੀਨ 143.75 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ, ਜਿਸ ਵਿੱਚੋਂ 100.62 ਕਰੋੜ ਰੁਪਏ ਖਾਸ ਸਕੂਲਾਂ ਨੂੰ ਹੋਰ ਕਲਾਸਰੂਮ, ਪਖਾਨੇ, ਵਿਗਿਆਨ ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ ਅਤੇ ਹੋਰ ਮੁਰੰਮਤ ਕਾਰਜਾਂ ਦੇ ਨਿਰਮਾਣ ਲਈ ਜਾਰੀ ਕੀਤੇ ਗਏ ਹਨ। ਇਸ ਯੋਜਨਾ ਸਦਕਾ ਕੁੱਲ 2,683 ਸਰਕਾਰੀ ਸਕੂਲਾਂ ਨੂੰ ਲਾਭ ਪ੍ਰਾਪਤ ਹੋਇਆ ਹੈ।

25. ਮੇਰੀ ਸਰਕਾਰ ਸਰਕਾਰੀ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਸਾਲ 2025-26 ਲਈ ਪ੍ਰੀ-ਪ੍ਰਾਇਮਰੀ ਦੇ 2,70,853 ਵਿਦਿਆਰਥੀਆਂ, 71,940 ਓ.ਬੀ.ਸੀ. ਵਿਦਿਆਰਥੀਆਂ ਅਤੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਗਰੀਬੀ ਰੇਖਾ ਤੋਂ ਉੱਪਰਲੇ ਜਨਰਲ ਵਰਗ ਦੇ 1,27,174 ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਦੇਣ ਲਈ 28.20 ਕਰੋੜ ਰੁਪਏ ਦਾ ਬਜਟ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ ਸਾਲ 2025-26 ਲਈ ਛੇਵੀਂ ਤੋਂ ਅੱਠਵੀਂ ਜਮਾਤ ਦੇ 48,959 ਓ.ਬੀ.ਸੀ. ਲੜਕਿਆਂ ਅਤੇ ਗਰੀਬੀ ਰੇਖਾ ਤੋਂ ਉੱਪਰਲੇ ਜਨਰਲ ਵਰਗ ਦੇ 64,407 ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਪ੍ਰਦਾਨ ਕਰਨ ਲਈ 6,80,19,600 ਰੁਪਏ ਦਾ ਬਜਟ ਜਾਰੀ ਕੀਤਾ ਗਿਆ ਹੈ। ਸਾਲ 2025-26 ਦੌਰਾਨ ਸਾਰੇ ਵਿਦਿਆਰਥੀਆਂ ਨੂੰ ਸਮੇਂ ਸਿਰ ਕਿਤਾਬਾਂ ਪਹੁੰਚਾਈਆਂ ਗਈਆਂ ਹਨ। ਸਾਲ

2025-26 ਦੌਰਾਨ ਪੰਜਾਬ ਦੇ 456 ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਕੰਪਿਊਟਰ ਮੁਹੱਈਆ ਕਰਵਾਏ ਗਏ ਹਨ। ਇਸ ਤੋਂ ਇਲਾਵਾ 385 ਸਕੂਲਾਂ ਵਿੱਚ 'ਸੈਨੇਟਰੀ ਪੈਡ ਇੰਸੀਨਰੇਟਰ ਮਸ਼ੀਨਾਂ' ਲਗਾਉਣ ਲਈ 77.00 ਲੱਖ ਰੁਪਏ ਜਾਰੀ ਕੀਤੇ ਗਏ ਹਨ।

26. ਸਾਲ 2023-24 ਤੋਂ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਭਾਸ਼ਾਵਾਂ ਅਤੇ ਗਣਿਤ ਦੇ ਮੁੱਢਲੇ ਹੁਨਰ ਨੂੰ ਮਜ਼ਬੂਤ ਕਰਨ ਲਈ ਹਰ ਅਕਾਦਮਿਕ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਸਾਰੇ ਸਰਕਾਰੀ ਸਕੂਲਾਂ ਵਿੱਚ 'ਮਿਸ਼ਨ ਸਮਰੱਥ' ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਗ੍ਰੇਡ-ਪੱਧਰ ਦੀਆਂ ਕਮਜ਼ੋਰ ਯੋਗਤਾਵਾਂ ਨੂੰ ਸੁਧਾਰਨ ਲਈ 'ਸੀ.ਈ.ਪੀ.' (ਯੋਗਤਾ ਵਾਧਾ ਯੋਜਨਾ) ਨੂੰ ਲਾਗੂ ਕੀਤਾ ਜਾ ਰਿਹਾ ਹੈ। ਵਿਗਿਆਨ ਵਿਸ਼ੇ ਵਿੱਚ ਵਿਹਾਰਕ ਹੁਨਰ ਨੂੰ ਵਿਕਸਿਤ ਅਤੇ ਅੱਪਗ੍ਰੇਡ ਕਰਨ ਲਈ ਵਿਗਿਆਨ ਅਧਿਆਪਕਾਂ ਦੀ ਸਮਰੱਥਾ ਉਸਾਰੀ ਸਿਖਲਾਈ 'ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ (IISC), ਬੰਗਲੌਰ' ਵਿਖੇ ਕਰਵਾਈ ਗਈ ਹੈ।

27. ਪੰਜਾਬ ਸਰਕਾਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੇ ਨਤੀਜੇ ਬਿਹਤਰ ਬਣਾਉਣ ਲਈ ਨਿਰੰਤਰ ਅਤੇ ਸੰਗਠਿਤ ਯਤਨ ਕੀਤੇ ਹਨ। ਸਿੱਟੇ ਵਜੋਂ ਅਕਾਦਮਿਕ ਸਾਲ 2023–24 ਵਿੱਚ 192 ਵਿਦਿਆਰਥੀਆਂ ਨੇ ਜੇ.ਈ.ਈ. ਮੇਨਜ਼ ਅਤੇ 679 ਵਿਦਿਆਰਥੀਆਂ ਨੇ ਨੀਟ ਪਾਸ ਕੀਤੀ। 2024–25 ਵਿੱਚ ਇਸ ਪ੍ਰਦਰਸ਼ਨ ਵਿੱਚ ਅਹਿਮ ਵਾਧਾ ਹੋਇਆ ਹੈ ਜਿਸ ਵਿੱਚ 265 ਵਿਦਿਆਰਥੀਆਂ ਨੇ ਜੇ.ਈ.ਈ. ਮੇਨਜ਼ ਅਤੇ 847 ਵਿਦਿਆਰਥੀਆਂ ਨੇ ਨੀਟ ਪਾਸ ਕੀਤੀ। ਖਾਸ ਗੱਲ ਇਹ ਹੈ ਕਿ 2024–25 ਵਿੱਚ ਜੇ.ਈ.ਈ. ਮੇਨਜ਼ ਅਤੇ ਨੀਟ ਵਿੱਚ 10-10 ਵਿਦਿਆਰਥੀਆਂ ਨੇ 98 ਪਰਸੈਂਟਾਈਲ ਤੋਂ ਉੱਪਰ ਸਕੋਰ ਪ੍ਰਾਪਤ ਕਰਕੇ ਭਾਰਤ ਦੀਆਂ ਪ੍ਰਸਿੱਧ ਇੰਜੀਨੀਅਰਿੰਗ ਅਤੇ ਮੈਡੀਕਲ ਸੰਸਥਾਵਾਂ ਵਿੱਚ ਦਾਖ਼ਲਾ ਪ੍ਰਾਪਤ ਕੀਤਾ।

28. ਸਿੱਖਿਆ ਦੇ ਖੇਤਰ ਵਿਚ ਇਹ ਉਤਸਾਹਜਨਕ ਰੁਝਾਨ ਪੰਜਾਬ ਸਰਕਾਰ ਦੀਆਂ ਵਿਸ਼ੇਸ਼ ਅਕਾਦਮਿਕ ਪਹਿਲਕਦਮੀਆਂ ਸਦਕਾ ਹੈ। ਇਨ੍ਹਾਂ ਵਿੱਚ ਵਿਸ਼ੇਸ਼ 15-ਰੋਜ਼ਾ ਵਿੰਟਰ ਕੈਂਪ ਅਤੇ

30-ਰੋਜ਼ਾ ਸਮਰ ਕੈਂਪ ਸ਼ਾਮਲ ਹਨ ਜਿੱਥੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਗਣਿਤ ਅਤੇ ਜੀਵ ਵਿਗਿਆਨ ਵਿੱਚ ਜੇ.ਈ.ਈ. ਅਤੇ ਨੀਟ ਵਰਗੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਵਿਸ਼ੇਵਾਰ ਮਿਆਰੀ ਕੋਚਿੰਗ ਪ੍ਰਦਾਨ ਕੀਤੀ ਜਾਂਦੀ ਹੈ।

29. ਮੇਰੀ ਸਰਕਾਰ ਨੇ ਸਮੁੱਚੇ ਕਿਸਾਨਾਂ ਦੀਆਂ ਜਮੀਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਲਗਭਗ 787 ਕਰੋੜ ਰੁਪਏ ਦੇ ਨਿਵੇਸ਼ ਨਾਲ ਕੁੱਲ 3,443 ਕਿਲੋਮੀਟਰ ਨਵੇਂ ਜਲ ਮਾਰਗਾਂ ਦੀ ਉਸਾਰੀ ਅਤੇ ਭੂਮੀਗਤ ਪਾਈਪਲਾਈਨਾਂ ਵਿਛਾਉਣ ਦੀ ਯੋਜਨਾ ਬਣਾਈ ਹੈ। ਹੁਣ ਤੱਕ ਇਸ ਯੋਜਨਾ ਤਹਿਤ 2650 ਕਿਲੋਮੀਟਰ ਤੱਕ ਕੰਮ ਮੁਕੰਮਲ ਹੋ ਚੁੱਕਾ ਹੈ।

30. ਮੇਰੀ ਸਰਕਾਰ ਨੇ 4,557 ਕਰੋੜ ਰੁਪਏ ਦੀ ਲਾਗਤ ਨਾਲ 2,600 ਕਿਲੋਮੀਟਰ ਨਹਿਰਾਂ ਨੂੰ ਪੱਕਾ ਕਰਨ (ਲਾਈਨਿੰਗ) ਦਾ ਕੰਮ ਮੁਕੰਮਲ ਕੀਤਾ ਹੈ। ਮੌਜੂਦਾ ਵਿੱਤੀ ਸਾਲ 2025-26 ਲਈ ਮੇਰੀ ਸਰਕਾਰ ਨੇ 872 ਕਰੋੜ ਰੁਪਏ ਦੀ ਲਾਗਤ ਨਾਲ ਲਗਭਗ 880 ਕਿਲੋਮੀਟਰ ਨਹਿਰਾਂ ਨੂੰ ਪੱਕਾ ਕਰਨ ਦਾ ਟੀਚਾ ਮਿੱਥਿਆ ਹੈ। ਇਸ ਤਹਿਤ 331 ਕਿਲੋਮੀਟਰ ਨਹਿਰੀ ਲਾਈਨਿੰਗ ਦਾ ਕੰਮ ਪੂਰਾ ਹੋ ਚੁੱਕਾ ਹੈ। ਇਸ ਦੇ ਸਿੱਟੇ ਵਜੋਂ ਪਹਿਲੀ ਵਾਰ ਲਗਭਗ 1,365 ਥਾਵਾਂ 'ਤੇ ਨਹਿਰੀ ਪਾਣੀ ਪਹੁੰਚਿਆ ਹੈ, ਜਿਨ੍ਹਾਂ ਵਿੱਚੋਂ 465 ਥਾਵਾਂ ਨੂੰ ਸਾਲ 2025 ਵਿੱਚ ਪਾਣੀ ਮਿਲਿਆ ਹੈ। ਲੰਬੇ ਸਮੇਂ ਤੋਂ ਲਟਕ ਰਿਹਾ ਸਰਹਿੰਦ ਫੀਡਰ ਨਹਿਰ ਨੂੰ ਮੁੜ ਪੱਕਾ ਕਰਨ (ਰੀ-ਲਾਈਨਿੰਗ) ਦਾ ਪ੍ਰੋਜੈਕਟ ਵੀ ਮੁਕੰਮਲ ਕਰ ਲਿਆ ਗਿਆ ਹੈ।

31. ਕੰਢੀ ਖੇਤਰ ਦੇ ਨੀਮ-ਪਹਾੜੀ ਖੇਤਰਾਂ ਨੂੰ ਪਹਿਲੀ ਵਾਰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਮੇਰੀ ਸਰਕਾਰ ਨੇ 28 ਨਵੀਆਂ ਲਿਫਟ ਸਕੀਮਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਵਿੱਚੋਂ 15 ਸਕੀਮਾਂ ਪਹਿਲਾਂ ਹੀ ਆਰੰਭ ਹੋ ਚੁੱਕੀਆਂ ਹਨ। 133 ਕਰੋੜ ਰੁਪਏ ਅਤੇ 86 ਕਰੋੜ ਰੁਪਏ ਦੀ ਲਾਗਤ ਵਾਲੀਆਂ ਦੋ ਮੁੱਖ ਲਿਫਟ ਸਕੀਮਾਂ ਕਾਠਗੜ੍ਹ ਅਤੇ ਸਮਲਾ ਪਹਾੜਪੁਰ ਮੁਕੰਮਲ ਹੋਣ ਦੇ ਨੇੜੇ ਹਨ ਜਿਨ੍ਹਾਂ ਨਾਲ ਕ੍ਰਮਵਾਰ 11,500 ਏਕੜ ਅਤੇ 2,762 ਏਕੜ ਖੇਤਰ ਨੂੰ ਸਿੰਚਾਈ ਜਲ ਉਪਲਬਧ ਕਰਾਇਆ ਜਾਵੇਗਾ।

32. ਸਾਲ 2025-26 ਦੌਰਾਨ ਮੇਰੀ ਸਰਕਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਸਿਫ਼ਾਰਿਸ਼ ਕੀਤੇ ਬੀ.ਟੀ ਕਾਟਨ ਹਾਈਬ੍ਰਿਡ ਬੀਜਾਂ 'ਤੇ 33% ਸਬਸਿਡੀ ਪ੍ਰਦਾਨ ਕੀਤੀ। ਸਹਾਇਤਾ ਪ੍ਰਦਾਨ ਕਰਨ ਲਈ 52,184 ਕਿਸਾਨਾਂ ਨੂੰ 11.17 ਕਰੋੜ ਰੁਪਏ ਦਿੱਤੇ ਜਾ ਰਹੇ ਹਨ। ਮੇਰੀ ਸਰਕਾਰ ਡੀ.ਐੱਸ.ਆਰ. ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ ਅਤੇ ਸਾਲ 2025-26 ਦੌਰਾਨ ਕੁੱਲ 23,410 ਲਾਭਪਾਤਰੀਆਂ ਨੂੰ 35.38 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

33. ਰਾਜ ਵਿੱਚ ਸਾਉਣੀ ਮੱਕੀ ਦੇ ਰਕਬੇ ਨੂੰ ਵਧਾਉਣ ਲਈ 6 ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਬਠਿੰਡਾ, ਸੰਗਰੂਰ, ਜਲੰਧਰ ਅਤੇ ਕਪੂਰਥਲਾ ਵਿੱਚ ਸ਼ੁਰੂ ਕੀਤੇ ਪਾਇਲਟ ਪ੍ਰੋਜੈਕਟ ਤਹਿਤ ਕਿਸਾਨਾਂ ਨੂੰ ਪ੍ਰਤੀ ਏਕੜ 17,500 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤਹਿਤ ਪਹਿਲੀ ਕਿਸ਼ਤ ਵਿੱਚ 3743 ਕਿਸਾਨਾਂ ਨੂੰ ਅਤੇ ਦੂਜੀ ਕਿਸ਼ਤ ਵਿੱਚ ਲਗਭਗ 3252 ਕਿਸਾਨਾਂ ਨੂੰ ਕੁੱਲ 7.88 ਕਰੋੜ ਰੁਪਏ ਦੀ ਰਕਮ ਪ੍ਰਦਾਨ ਕੀਤੀ ਗਈ।

34. ਮੇਰੀ ਸਰਕਾਰ ਨੇ ਇਸ ਸਾਲ ਗੰਨੇ ਦੀ ਸਟੇਟ ਐਗਰੀਡ ਪ੍ਰਾਈਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ 15 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ ਅਤੇ ਆਉਣ ਵਾਲੇ ਪਿੜਾਈ ਸੀਜ਼ਨ ਲਈ ਗੰਨੇ ਲਈ 416 ਰੁਪਏ ਪ੍ਰਤੀ ਕੁਇੰਟਲ ਮੁਹੱਈਆ ਕਰਵਾ ਰਹੀ ਹੈ ਜੋ ਕਿ ਦੇਸ਼ ਭਰ ਵਿੱਚ ਗੰਨਾ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਸਭ ਤੋਂ ਵੱਧ ਮੁੱਲ ਹੈ। ਸਾਲ 2024-25 ਦੇ ਪਿੜਾਈ ਸੀਜ਼ਨ ਦੌਰਾਨ 9 ਸਹਿਕਾਰੀ ਖੰਡ ਮਿੱਲਾਂ ਵੱਲੋਂ 194.66 ਲੱਖ ਕੁਇੰਟਲ ਗੰਨੇ ਦੀ ਪਿੜਾਈ ਕੀਤੀ ਗਈ ਸੀ। ਗੰਨਾ ਕਾਸ਼ਤਕਾਰਾਂ ਨੂੰ ਸਮੇਂ ਸਿਰ ਸਹਾਇਤਾ ਯਕੀਨੀ ਬਣਾਉਣ ਲਈ 7 ਨਵੰਬਰ, 2025 ਨੂੰ ਗੰਨੇ ਦੀ ਅਦਾਇਗੀ ਵਜੋਂ 779.86 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

35. ਝੋਨਾ ਪਰਾਲੀ ਪ੍ਰਬੰਧਨ ਲਈ 2018-19 ਤੋਂ ਹੁਣ ਤੱਕ ਸਰਕਾਰ ਨੇ ਕਿਸਾਨਾਂ ਨੂੰ ਸਬਸਿਡੀ 'ਤੇ 1.58 ਲੱਖ ਤੋਂ ਵੱਧ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (CRM) ਮਸ਼ੀਨਾਂ ਪ੍ਰਦਾਨ ਕੀਤੀਆਂ ਹਨ।

ਮੌਜੂਦਾ ਵਿੱਤੀ ਸਾਲ ਦੌਰਾਨ ਸਬਸਿਡੀ 'ਤੇ ਮਸ਼ੀਨਾਂ ਮੁਹੱਈਆ ਕਰਵਾਉਣ ਲਈ ਹੁਣ ਤੱਕ 394 ਕਰੋੜ ਰੁਪਏ ਦੀ ਰਕਮ ਖਰਚੀ ਜਾ ਚੁੱਕੀ ਹੈ।

36. ਵਿੱਤੀ ਸਾਲ 2025-26 ਦੌਰਾਨ ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ 33.96 ਕਰੋੜ ਰੁਪਏ ਦੀ ਕੀਮਤ ਵਾਲੇ 84,889.7 ਕੁਇੰਟਲ ਕਣਕ ਦੇ ਬੀਜ ਅਤੇ 65.15 ਲੱਖ ਰੁਪਏ ਦੀ ਕੀਮਤ ਵਾਲੇ 620.5 ਕੁਇੰਟਲ ਸਰ੍ਹੋਂ ਦੇ ਬੀਜ ਮੁਫ਼ਤ ਮੁਹੱਈਆ ਕਰਵਾਏ ਹਨ। ਇਸ ਤੋਂ ਇਲਾਵਾ ਸਰਕਾਰ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਲਈ ਸਾਲ 2025-26 ਲਈ 9,992 ਕਰੋੜ ਰੁਪਏ ਰੱਖੇ ਹਨ।

37. ਮੇਰੀ ਸਰਕਾਰ ਮਿੱਟੀ ਅਤੇ ਜਲ ਸੰਭਾਲ ਵਿਭਾਗ ਰਾਹੀਂ ਵੱਖ-ਵੱਖ ਗਤੀਵਿਧੀਆਂ ਦੀ ਯੋਜਨਾ ਬਣਾ ਰਹੀ ਹੈ, ਜਿਨ੍ਹਾਂ ਵਿਚ ਐੱਸ.ਟੀ.ਪੀਜ਼ ਦੇ ਟ੍ਰੀਟਡ ਵੇਸਟ ਵਾਟਰ (ਸ਼ੁੱਧ ਕੀਤਾ ਵਿਅਰਥ ਪਾਣੀ), ਪਿੰਡਾਂ ਦੇ ਤਾਲਾਬਾਂ ਦੇ ਪਾਣੀ ਦਾ ਉਤਪਾਦਕ ਉਪਯੋਗ ਅਤੇ ਕਿਸਾਨਾਂ ਵਿੱਚ ਮਾਈਕ੍ਰੋ ਇਰੀਗੇਸ਼ਨ (ਸੂਖਮ ਸਿੰਚਾਈ) ਅਤੇ ਅੰਡਰਗਰਾਊਂਡ ਪਾਈਪਲਾਈਨ ਸਿਸਟਮ (ਜ਼ਮੀਨਦੋਜ਼ ਪਾਈਪਲਾਈਨ ਪ੍ਰਣਾਲੀ) ਵਰਗੀਆਂ ਆਧੁਨਿਕ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।

38. ਪੰਜਾਬ ਦੇ ਬਾਗ਼ਬਾਨੀ ਵਿਭਾਗ ਵੱਲੋਂ ਖੇਤੀਬਾੜੀ ਢਾਂਚਾਗਤ ਫੰਡ ਯੋਜਨਾ ਦੀ ਨੋਡਲ ਏਜੰਸੀ ਵਜੋਂ ਕੰਮ ਕੀਤਾ ਜਾ ਰਿਹਾ ਹੈ। ਇਸ ਯੋਜਨਾ ਹੇਠ ਹੁਣ ਤੱਕ 31,801 ਪ੍ਰੋਜੈਕਟ ਮਨਜ਼ੂਰ ਕੀਤੇ ਗਏ ਹਨ ਅਤੇ ਬੈਂਕਾਂ ਰਾਹੀਂ ਕੁੱਲ 7,386 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਹਨ। ਵਿਭਾਗ ਵੱਲੋਂ ਫੁੱਲਾਂ ਦੇ ਬੀਜ ਉਤਪਾਦਕਾਂ ਨੂੰ ਪ੍ਰਤੀ ਏਕੜ 14,000 ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ ਅਤੇ ਪਾਣੀ ਅਤੇ ਬਿਜਲੀ ਦੀ ਬੱਚਤ ਲਈ ਡ੍ਰਿਪ-ਸਿੰਚਾਈ ਪ੍ਰਣਾਲੀ ਨਾਲ ਫਲਾਂ ਦੇ ਬਾਗ਼ ਲਗਾਉਣ ਉੱਤੇ ਪ੍ਰਤੀ ਏਕੜ 10,000 ਰੁਪਏ ਦੀ ਉਤਸ਼ਾਹ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ।

39. ਪੰਜਾਬ ਵਿੱਚ ਬਾਗਬਾਨੀ ਦੇ ਟਿਕਾਊ ਵਿਕਾਸ ਲਈ ਜਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ (JICA) ਨਾਲ ਸਹਿਯੋਗ ਵਿਚ 1300 ਕਰੋੜ ਰੁਪਏ ਦੀ ਲਾਗਤ ਵਾਲਾ ਪ੍ਰੋਜੈਕਟ

ਤਿਆਰ ਕੀਤਾ ਜਾ ਰਿਹਾ ਹੈ। ਇਸ ਨਾਲ ਕਲੱਸਟਰ ਪੱਧਰ 'ਤੇ ਏਕੀਕ੍ਰਿਤ ਮੁੱਲ ਕੜੀ (ਇੰਟੀਗ੍ਰੇਟਿਡ ਵੈਲਯੂ ਚੇਨ) ਦੀ ਸਥਾਪਨਾ ਯਕੀਨੀ ਬਣੇਗੀ। ਇਸ ਪ੍ਰੋਜੈਕਟ ਦਾ ਉਦੇਸ਼ ਉਹ ਬਾਗ਼ਬਾਨੀ ਫ਼ਸਲਾਂ ਲਿਆਉਣਾ ਅਤੇ ਵਿਕਸਿਤ ਕਰਨਾ ਹੈ ਜੋ ਮੌਸਮੀ ਤਬਦੀਲੀਆਂ ਅਤੇ ਕਠੋਰ ਮੌਸਮੀ ਹਾਲਾਤਾਂ ਨੂੰ ਵੱਧ ਝੱਲਣਯੋਗ ਹੋਣ।

40. ਪੰਜਾਬ ਮੰਡੀ ਬੋਰਡ, ਨੋਡਲ ਏਜੰਸੀ ਹੋਣ ਦੇ ਨਾਤੇ 12,597 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ 40,103 ਕਿਲੋਮੀਟਰ ਲੰਬੀਆਂ ਟੁੱਟੀਆਂ ਲਿੰਕ ਸੜਕਾਂ ਦੇ ਨਵੀਨੀਕਰਨ/ਆਧੁਨਿਕੀਕਰਨ ਦਾ ਪ੍ਰੋਜੈਕਟ ਚਲਾ ਰਿਹਾ ਹੈ। ਸਾਲ 2025-26 ਦੌਰਾਨ ਰਾਜ ਦੀਆਂ ਮੰਡੀਆਂ ਵਿੱਚ 197 ਕਰੋੜ ਰੁਪਏ ਦੀ ਲਾਗਤ ਨਾਲ 664 ਕਵਰ ਸ਼ੈੱਡ ਬਣਾਏ ਜਾ ਰਹੇ ਹਨ ਅਤੇ 36 ਮੰਡੀਆਂ ਵਿੱਚ 24.42 ਕਰੋੜ ਰੁਪਏ ਦੀ ਲਾਗਤ ਨਾਲ ਸੋਲਰ ਪੈਨਲ ਲਗਾਏ ਜਾ ਰਹੇ ਹਨ।

41. ਰਾਜ ਦੇ 12 ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਪਸ਼ੂ ਪਾਲਣ ਵਿਭਾਗ ਨੇ 713 ਪਿੰਡਾਂ ਵਿੱਚ ਪਸ਼ੂਆਂ ਦੀ ਦੇਖਭਾਲ ਲਈ 492 ਟੀਮਾਂ ਬਣਾਈਆਂ ਹਨ ਅਤੇ 24x7 ਕੰਟਰੋਲ ਰੂਮ ਸਥਾਪਤ ਕੀਤੇ ਹਨ। ਇਨ੍ਹਾਂ ਟੀਮਾਂ ਦੁਆਰਾ 3,19,282 ਪਸ਼ੂਆਂ ਦਾ ਮੁਫ਼ਤ ਇਲਾਜ ਕੀਤਾ ਗਿਆ ਹੈ ਅਤੇ ਇਸ ਲਈ ਵਿਭਾਗ ਨੇ 37.00 ਲੱਖ ਰੁਪਏ ਦੀਆਂ ਦਵਾਈਆਂ ਪ੍ਰਦਾਨ ਕੀਤੀਆਂ ਹਨ। ਬਿਮਾਰ ਪਸ਼ੂਆਂ ਨੂੰ ਚੁੱਕਣ ਲਈ ਪੰਜਾਬ ਰਾਜ ਦੇ ਸਾਰੇ ਵੈਟਰਨਰੀ ਪੋਲੀਕਲੀਨਿਕਾਂ ਵਿੱਚ 22 ਆਧੁਨਿਕ ਪਸ਼ੂ ਲਿਫਟਰ ਪ੍ਰਦਾਨ ਕੀਤੇ ਗਏ ਸਨ। ਸਾਲ 2025 ਦੌਰਾਨ ਰਾਜ ਦੀ ਪੂਰੀ ਗਾਂਵਾਂ-ਮੱਝਾਂ ਦੀ ਅਬਾਦੀ ਨੂੰ ਲੰਪੀ ਸਕਿਨ ਡਿਜ਼ੀਜ਼ (ਐੱਲ.ਐੱਸ.ਡੀ.) ਟੀਕੇ ਦੀਆਂ 24.27 ਲੱਖ ਖੁਰਾਕਾਂ ਨਾਲ ਟੀਕਾ ਲਗਾਇਆ ਗਿਆ ਅਤੇ ਪੂਰੀ ਪਸ਼ੂਧਨ ਆਬਾਦੀ ਨੂੰ ਮੂੰਹ ਤੇ ਖੁਰ ਦੀ ਬਿਮਾਰੀ (ਐੱਫ.ਐੱਮ.ਡੀ.) ਦੀਆਂ 126.22 ਲੱਖ ਖੁਰਾਕਾਂ ਨਾਲ ਟੀਕਾ ਲਗਾਇਆ ਗਿਆ ਅਤੇ ਇਹ ਟੀਕੇ ਰਾਜ ਵਿੱਚ ਮੁਫ਼ਤ ਦਿੱਤੇ ਗਏ। ਇਸ ਤੋਂ ਇਲਾਵਾ ਸਾਲ 2025 ਵਿੱਚ ਗਲ-ਘੋਟੂ (ਐੱਚ.ਐੱਸ.) ਟੀਕੇ ਦੀਆਂ 66.35 ਲੱਖ ਖੁਰਾਕਾਂ ਲਗਾਈਆਂ ਗਈਆਂ ਸਨ। ਕੁੱਲ 10.30 ਲੱਖ ਗਾਂਵਾਂ ਅਤੇ 11.01 ਲੱਖ ਮੱਝਾਂ ਨੂੰ ਸਾਲ 2025-26 ਦੌਰਾਨ ਉੱਚ ਗੁਣਵੱਤਾ ਵਾਲੇ ਵੀਰਜ

ਨਾਲ ਬਣਾਉਟੀ ਗਰਭਾਧਾਨ ਕੀਤਾ ਗਿਆ, ਜਿਸ ਨਾਲ ਲਗਭਗ 1.63 ਲੱਖ ਜੈਨੇਟਿਕ ਤੌਰ 'ਤੇ ਸੁਧਰੀਆਂ ਹੋਈਆਂ ਵੱਛੀਆਂ ਪੈਦਾ ਹੋਈਆਂ। ਇਸ ਤੋਂ ਇਲਾਵਾ 1.25 ਲੱਖ ਗਾਂਵਾਂ ਅਤੇ ਮੱਝਾਂ ਨੂੰ ਸੈਕਸਡ ਸੋਰਟਡ ਵੀਰਜ ਨਾਲ ਗਰਭਾਧਾਨ ਕੀਤਾ ਗਿਆ, ਜਿਸ ਨਾਲ 4800 ਉੱਚ ਦੁੱਧ ਉਤਪਾਦਨ ਸਮਰੱਥਾ ਵਾਲੀਆਂ ਵੱਛੀਆਂ ਪੈਦਾ ਹੋਈਆਂ। ਇਹ ਉੱਚ ਉਤਪਾਦਕ ਵੱਛੀਆਂ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਅਤੇ ਰਾਜ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਸਹਾਇਕ ਸਾਬਤ ਹੋਣਗੀਆਂ।

42. ਪਸ਼ੂ ਪਾਲਣ ਵਿਭਾਗ ਅਧੀਨ ਚੱਲ ਰਹੀਆਂ ਵੈਟਰਨਰੀ ਸੰਸਥਾਵਾਂ ਦੀ ਮੁਰੰਮਤ ਅਤੇ ਨਵੀਨੀਕਰਨ ਲਈ ਸਰਕਾਰ ਵੱਲੋਂ ਸਾਲ 2025-26 ਦੌਰਾਨ 1831.91 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਸੀ।

43. ਪੰਜਾਬ ਸਰਕਾਰ ਨੇ ਪ੍ਰਸਿੱਧ ਕਿਲ੍ਹਾ ਰਾਏਪੁਰ ਖੇਡ ਮੇਲੇ ਵਿੱਚ ਬੈਲ ਗੱਡੀਆਂ ਦੀਆਂ ਦੌੜਾਂ ਨੂੰ ਇਕ ਪ੍ਰਮੁੱਖ ਈਵੈਂਟ ਦੇ ਰੂਪ ਵਿਚ ਮੁੜ ਸੁਰਜੀਤ ਕੀਤਾ ਹੈ ਜੋ ਸੂਬੇ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਉਦੇਸ਼ ਨਾਲ ਪਸ਼ੂਆਂ ਪ੍ਰਤੀ ਕਰੂਰਤਾ ਦੀ ਰੋਕਥਾਮ ਬਿੱਲ ਕੈਬਨਿਟ ਵਿੱਚ ਪੇਸ਼ ਕੀਤਾ ਗਿਆ, ਜਿਸਨੂੰ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਅਤੇ ਬਾਅਦ ਵਿੱਚ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦੁਆਰਾ ਇਸ ਨੂੰ ਮਨਜ਼ੂਰੀ ਦਿੱਤੀ ਗਈ। ਇਹ ਰਵਾਇਤੀ ਖੇਡ ਬਲਦਾਂ ਦੀਆਂ ਦੇਸੀ ਨਸਲਾਂ ਦੀ ਸੰਭਾਲ ਕਰਨ ਵਿੱਚ ਅਹਿਮ ਯੋਗਦਾਨ ਪਾਵੇਗੀ ਅਤੇ ਪੰਜਾਬ ਦੀ ਅਮੀਰ ਸੱਭਿਆਚਾਰਕ ਪਛਾਣ ਨੂੰ ਵੀ ਉਤਸ਼ਾਹਿਤ ਕਰੇਗੀ। ਇਸ ਸੱਭਿਆਚਾਰਕ ਦ੍ਰਿਸ਼ ਨੂੰ ਪੁਨਰ ਸੁਰਜੀਤ ਕਰਦਿਆਂ ਸਰਕਾਰ ਦਾ ਉਦੇਸ਼ ਨਾ ਸਿਰਫ਼ ਪੰਜਾਬੀ ਰਿਵਾਇਤਾਂ ਦੀ ਰਾਖੀ ਕਰਨਾ ਹੈ ਸਗੋਂ ਸੂਬੇ ਦੇ ਨੌਂਜਵਾਨਾਂ ਨੂੰ ਨਸ਼ਿਆਂ ਦੇ ਪ੍ਰਭਾਵ ਤੋਂ ਦੂਰ ਰੱਖਣਾ ਅਤੇ ਉਨ੍ਹਾਂ ਵਿੱਚ ਆਪਣੇ ਵਿਰਸੇ ਪ੍ਰਤੀ ਮਾਣ ਅਤੇ ਭਾਈਚਾਰਕ ਸਾਂਝ ਦੀ ਭਾਵਨਾ ਪੈਦਾ ਕਰਨਾ ਵੀ ਹੈ।

44. ਪਹਿਲੀ ਵਾਰ ਮੇਰੀ ਸਰਕਾਰ ਨੇ ਪੰਜਾਬ ਸਹਿਕਾਰੀ ਸਭਾਵਾਂ ਐਕਟ, 1961 ਵਿੱਚ ਸੋਧ ਕਰਕੇ ਸਹਿਕਾਰੀ ਸਭਾਵਾਂ ਵਿੱਚ ਜਾਇਦਾਦ ਦੇ ਲੈਣ-ਦੇਣ ਲਈ ਮਜ਼ਬੂਤ ਰੈਗੂਲੇਟਰੀ ਸਪੱਸ਼ਟਤਾ

ਲਿਆਂਦੀ ਹੈ। ਸਹਿਕਾਰੀ ਹਾਊਸਿੰਗ ਅਤੇ ਹੋਰ ਅਚੱਲ ਸੰਪਤੀਆਂ ਦੀ ਤਬਦੀਲੀ ਹੁਣ ਲਾਗੂ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਸਮੇਤ ਸੁਚੱਜੇ ਢੰਗ ਨਾਲ ਤਿਆਰ ਕੀਤੇ ਮਲਕੀਅਤ ਹਵਾਲਗੀ ਦਸਤਾਵੇਜ਼ਾਂ ਰਾਹੀਂ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਹ ਸੁਧਾਰ ਸਹਿਕਾਰੀ ਮੈਂਬਰਾਂ ਦੇ ਮਾਲਕੀ ਹੱਕਾਂ ਦੀ ਰੱਖਿਆ ਕਰਦਾ ਹੈ; ਵਿਵਾਦਾਂ ਨੂੰ ਘਟਾਉਂਦਾ ਹੈ ਅਤੇ ਰਾਜ ਦੇ ਖ਼ਜ਼ਾਨੇ ਲਈ ਆਮਦਨ ਦਾ ਇੱਕ ਟਿਕਾਊ ਅਤੇ ਕਾਨੂੰਨੀ ਸਰੋਤ ਪੈਦਾ ਕਰਦਾ ਹੈ। ਇਸ ਤੋਂ ਇਲਾਵਾ ਪੰਜਾਬ ਸਹਿਕਾਰੀ ਸਭਾਵਾਂ ਦੇ ਨਿਯਮ, 1963 ਵਿੱਚ 'ਨਿਯਮ 28-ਏ' ਸ਼ਾਮਲ ਕਰਕੇ ਸਿਖਰਲੀਆਂ ਸਹਿਕਾਰੀ ਸੰਸਥਾਵਾਂ ਅਤੇ ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਇਕਸਾਰ ਅਤੇ ਲੜੀਵਾਰ ਅਨੁਸ਼ਾਸਨੀ ਢਾਂਚਾ ਲਾਗੂ ਕੀਤਾ ਗਿਆ ਹੈ ਤਾਂ ਜੋ ਸਮੇਂ ਸਿਰ ਫੈਸਲੇ, ਸਪਸ਼ਟ ਜਵਾਬਦੇਹੀ ਅਤੇ ਅਪੀਲਾਂ ਦੀ ਬਹੁਤਾਤ ਨੂੰ ਖ਼ਤਮ ਕਰਨਾ ਯਕੀਨੀ ਬਣਾਇਆ ਜਾ ਸਕੇ।

45. ਮੇਰੀ ਸਰਕਾਰ ਅਧੀਨ ਸਾਲ 2025-26 ਦੌਰਾਨ ਮਾਰਕਫੈੱਡ 26.51 ਕਰੋੜ ਰੁਪਏ ਦੀ ਲਾਗਤ ਨਾਲ 45,000 ਮੀਟ੍ਰਿਕ ਟਨ ਦੀ ਕੁੱਲ ਸਟੋਰੇਜ ਸਮਰੱਥਾ ਵਾਲੇ ਗੋਦਾਮਾਂ ਦਾ ਨਿਰਮਾਣ ਕਰ ਰਿਹਾ ਹੈ। ਸਰਕਾਰ ਨੇ ਪਹਿਲੀ ਵਾਰ 6.50 ਲੱਖ ਮੀਟ੍ਰਿਕ ਟਨ ਦੀ ਕਵਰਡ ਸਟੋਰੇਜ ਸਮਰੱਥਾ ਪ੍ਰਦਾਨ ਕਰਕੇ ਕਸਟਮ-ਮਿਲ ਕੀਤੇ ਚੌਲਾਂ ਦੀ ਸਟੋਰੇਜ ਅਤੇ ਰੱਖ-ਰਖਾਅ ਦਾ ਕੰਮ ਕੀਤਾ ਹੈ। ਮਾਰਕਫੈੱਡ ਨੇ ਦਸੰਬਰ, 2025 ਤੱਕ 15.05 ਕਰੋੜ ਰੁਪਏ ਦੇ ਖਾਣ ਲਈ ਤਿਆਰ ਅਤੇ ਪ੍ਰੋਸੈਸ ਕੀਤੇ ਭੋਜਨ ਉਤਪਾਦਾਂ ਦਾ ਨਿਰਯਾਤ ਕੀਤਾ, ਜਿਸ ਨਾਲ ਪੰਜਾਬ ਦੇ ਖੇਤੀਬਾੜੀ ਉਤਪਾਦਾਂ ਦੇ ਮੁੱਲ ਵਾਧੇ ਅਤੇ ਵਿਸ਼ਵ ਪੱਧਰੀ ਪਹੁੰਚ ਨੂੰ ਮਜ਼ਬੂਤੀ ਮਿਲੀ ਹੈ।

46. ਚਿੱਟੀ ਕ੍ਰਾਂਤੀ 2.0 ਦੀ ਦ੍ਰਿਸ਼ਟੀ ਹੇਠ ਮਿਲਕਫੈੱਡ ਪੰਜਾਬ ਨੇ ਵਿੱਤੀ ਸਾਲ 2024-25 ਵਿੱਚ ਔਸਤ ਰੋਜ਼ਾਨਾ ਦੁੱਧ ਦੀ ਖਰੀਦ ਵਧਾ ਕੇ 21.50 ਲੱਖ ਲੀਟਰ ਕਰ ਦਿੱਤੀ ਹੈ ਅਤੇ ਵਿੱਤੀ ਸਾਲ 2025–26 ਵਿੱਚ ਹੋਰ ਵਿਕਾਸ ਦੀ ਦਿਸ਼ਾ ਵਿੱਚ ਅੱਗੇ ਵੱਧ ਰਿਹਾ ਹੈ। ਮੌਜੂਦਾ ਵਿੱਤੀ ਸਾਲ ਵਿੱਚ ਮਿਲਕਫੈੱਡ ਨੇ ਦਹੀਂ, ਆਈਸਕ੍ਰੀਮ, ਦੁੱਧ ਪਾਊਡਰ, ਮੱਖਣ ਅਤੇ ਪਰੰਪਰਾਗਤ ਡੇਅਰੀ ਉਤਪਾਦਾਂ ਸਮੇਤ ਦੁੱਧ ਉਤਪਾਦਾਂ ਦੀ ਮਾਰਕੀਟਿੰਗ ਨੂੰ ਵਿਸ਼ੇਸ਼ ਸੰਸਥਾਗਤ ਚੈਨਲਾਂ ਰਾਹੀਂ ਵਧਾਇਆ ਹੈ।

47. ਮੇਰੇ ਰਾਜ ਦੇ ਸਾਰੇ ਸਹਿਕਾਰੀ ਬੈਂਕਾਂ ਨੇ ਸਫਲਤਾਪੂਰਵਕ ਐਡਵਾਂਸਡ ਫਿਨਾਕਲ-10 ਕੋਰ ਬੈਂਕਿੰਗ ਸਲਿਊਸ਼ਨ ਵੱਲ ਰੁਖ਼ ਕੀਤਾ, ਜਿਸ ਨਾਲ ਸਹਿਕਾਰੀ ਬੈਂਕਿੰਗ ਕਿਸਾਨਾਂ ਅਤੇ ਪੇਂਡੂ ਨਾਗਰਿਕਾਂ ਲਈ ਹੋਰ ਤੇਜ਼, ਸੁਰੱਖਿਅਤ, ਪੂਰੀ ਤਰ੍ਹਾਂ ਡਿਜ਼ਿਟਲ ਤੇ ਪਾਰਦਰਸ਼ੀ ਬਣ ਗਈ ਹੈ।

48. ਵਿੱਤੀ ਸਾਲ 2025-26 ਵਿੱਚ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਨੇ 350.25 ਕਰੋੜ ਰੁਪਏ ਦੀ ਰਿਕਵਰੀ ਦਾ ਟੀਚਾ ਰੱਖਿਆ ਹੈ ਜਿਸ ਵਿੱਚੋਂ 12 ਦਸੰਬਰ, 2025 ਤੱਕ 220.54 ਕਰੋੜ ਰੁਪਏ ਦੀ ਰਿਕਵਰੀ ਪਹਿਲਾਂ ਹੀ ਮੁਕੰਮਲ ਕੀਤੀ ਜਾ ਚੁੱਕੀ ਹੈ। ਬੈਂਕ ਵੱਲੋਂ ਬਕਾਇਆ ਰਾਸ਼ੀ ਦੀ ਵਸੂਲੀ ਦੇ ਨਾਲ-ਨਾਲ ਨਵੇਂ ਕਰਜੇ ਦੇਣ ਦੀ ਪ੍ਰਕਿਰਿਆ ਵੀ ਮੁੜ ਸ਼ੁਰੂ ਕਰ ਦਿੱਤੀ ਹੈ, ਜੋ ਰਾਜ ਦੀ ਨਵੀਂ ਵਿੱਤੀ ਸਥਿਰਤਾ ਦਾ ਸੰਕੇਤ ਹੈ ਅਤੇ ਲੰਮੇ ਸਮੇਂ ਦੇ ਖੇਤੀਬਾੜੀ ਕਰਜ਼ੇ ਦੀ ਸਹਾਇਤਾ ਨੂੰ ਮਜ਼ਬੂਤ ਕਰਦੀ ਹੈ।

49. ਮੇਰੀ ਸਰਕਾਰ ਅਧੀਨ ਹਾਊਸਫੈੱਡ ਨੇ ਜਾਇਦਾਦਾਂ ਦੀ ਪਾਰਦਰਸ਼ੀ ਢੰਗ ਨਾਲ ਈ-ਨਿਲਾਮੀ ਕੀਤੀ ਹੈ। ਸੈਕਟਰ-79, ਮੋਹਾਲੀ ਵਿਖੇ 52 ਫਲੈਟਾਂ ਸਮੇਤ ਚੱਲ ਰਹੇ ਹਾਊਸਿੰਗ ਪ੍ਰੋਜੈਕਟ ਮੁਕੰਮਲ ਹੋਣ ਦੇ ਨੇੜੇ ਹਨ ਜਿਨ੍ਹਾਂ ਦਾ ਕਬਜ਼ਾ 31 ਮਾਰਚ, 2026 ਤੱਕ ਅਲਾਟੀ ਮੈਂਬਰਾਂ ਨੂੰ ਸੌਂਪ ਦਿੱਤਾ ਜਾਵੇਗਾ।

50. ਸਾਲ 2025-26 ਵਿੱਚ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਨੇ 959 ਪਲੇਸਮੈਂਟ ਕੈਂਪਾਂ/ਨੌਂਕਰੀ ਮੇਲਿਆਂ ਰਾਹੀਂ 48,912 ਉਮੀਦਵਾਰਾਂ ਨੂੰ ਨੌਕਰੀ ਦੀ ਸਹੂਲਤ ਪ੍ਰਦਾਨ ਕੀਤੀ ਹੈ।

51. ਮੇਰੀ ਸਰਕਾਰ ਦੇ ਅਧੀਨ ਵਿੱਤੀ ਸਾਲ 2025-26 ਵਿੱਚ ਖੇਡਾਂ ਲਈ 362.24 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਸੀ। ਇਸੇ ਤਰ੍ਹਾਂ ਖੇਡ ਵਿਭਾਗ ਵੱਲੋਂ 10,406 ਖਿਡਾਰੀਆਂ ਨੂੰ ਖੇਡਾਂ ਦਾ ਸਮਾਨ ਖਰੀਦਣ ਲਈ ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ.ਬੀ.ਟੀ.) ਰਾਹੀਂ 12.15 ਕਰੋੜ ਰੁਪਏ ਵੰਡੇ ਜਾ ਰਹੇ ਹਨ। ਇਸ ਤੋਂ ਇਲਾਵਾ ਵਿਸ਼ਵ ਕੱਪ 2025 ਜਿੱਤਣ ਵਾਲੀਆਂ ਮਹਿਲਾ ਕ੍ਰਿਕਟਰਾਂ ਅਤੇ ਉਨ੍ਹਾਂ ਦੇ ਕੋਚਾਂ ਨੂੰ 4.91 ਕਰੋੜ ਰੁਪਏ ਦਿੱਤੇ ਗਏ ਹਨ। ਅਪ੍ਰੈਲ, 2023 ਤੋਂ ਮਾਰਚ, 2025 ਤੱਕ ਹੋਈਆਂ ਨੈਸ਼ਨਲ ਚੈਂਪੀਅਨਸ਼ਿਪਾਂ, ਇੰਟਰ-ਯੂਨੀਵਰਸਿਟੀ

ਟੂਰਨਾਮੈਂਟਾਂ ਅਤੇ ਜੂਨੀਅਰ ਤੇ ਸੀਨੀਅਰ ਚੈਂਪੀਅਨਸ਼ਿਪਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ 1060 ਖਿਡਾਰੀਆਂ ਨੂੰ ਮਾਨਤਾ ਵਜੋਂ 23.1 ਕਰੋੜ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਹੈ। ਖੇਡ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਾਲ 2025-26 ਵਾਸਤੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਨੂੰ 15.00 ਕਰੋੜ ਰੁਪਏ ਦੀ ਰਾਸ਼ੀ ਅਲਾਟ ਕੀਤੀ ਗਈ ਹੈ। ਪੰਜਾਬ ਵਿੱਚ 3100 ਖੇਡ ਮੈਦਾਨਾਂ ਦੇ ਵਿਕਾਸ ਲਈ ਵਿੱਤੀ ਸਾਲ 2025-26 ਵਿੱਚ 190.00 ਕਰੋੜ ਰੁਪਏ ਅਲਾਟ ਕੀਤੇ ਗਏ ਸਨ।

52. ਮੇਰੀ ਸਰਕਾਰ ਦਾ ਉਦੇਸ਼ ਪੰਜਾਬ ਨੂੰ ਕਾਰੋਬਾਰ ਅਤੇ ਨਿਵੇਸ਼ ਲਈ ਪਹਿਲੀ ਪਸੰਦ ਬਣਾਉਣਾ ਹੈ। ਸਾਲ 2025-26 ਲਈ ਪਿਛਲੀ ਅਤੇ ਮੌਜੂਦਾ ਉਦਯੋਗਿਕ ਨੀਤੀ 2022 ਦੇ ਤਹਿਤ ਵਿੱਤ ਵਿਭਾਗ ਨੇ ਬਿਜਲੀ ਦਰਾਂ ਦੀ ਸਬਸਿਡੀ ਵਜੋਂ 2892.80 ਕਰੋੜ ਰੁਪਏ ਅਲਾਟ ਕੀਤੇ ਹਨ। ਸਰਕਾਰ ਹਰੇਕ ਸਟਾਰਟਅੱਪ ਨੂੰ ਬੀਜ ਫੰਡ (Seed fund) ਵਜੋਂ 3 ਲੱਖ ਰੁਪਏ ਪ੍ਰਦਾਨ ਕਰ ਰਹੀ ਹੈ ਅਤੇ 2022 ਤੋਂ ਲੈ ਕੇ ਹੁਣ ਤੱਕ 191 ਸਟਾਰਟਅੱਪਸ ਨੂੰ ਇਸ ਮਕਸਦ ਲਈ 5.73 ਕਰੋੜ ਰੁਪਏ ਅਲਾਟ ਕੀਤੇ ਜਾ ਚੁੱਕੇ ਹਨ।

53. ਮਾਰਚ, 2022 ਤੋਂ ਪੰਜਾਬ ਨੂੰ ਲਗਭਗ 1,50,817 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਦੇ ਨਾਲ 8,261 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ ਜਿਸ ਵਿੱਚ ਲਗਭਗ 5,31,619 ਵਿਅਕਤੀਆਂ ਦੇ ਪ੍ਰਸਤਾਵਿਤ ਰੁਜ਼ਗਾਰ ਸਿਰਜਣ ਦੀ ਸੰਭਾਵਨਾ ਹੈ। ਰਾਜ ਸਰਕਾਰ ਜਪਾਨ, ਦੱਖਣੀ ਕੋਰੀਆ, ਜਰਮਨੀ ਆਦਿ ਦੇ ਵਿਦੇਸ਼ੀ ਕਾਰੋਬਾਰਾਂ ਅਤੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਕਾਰੋਬਾਰਾਂ ਨਾਲ ਪੰਜਾਬ ਵਿੱਚ ਨਿਵੇਸ਼ ਕਰਨ ਲਈ ਸਰਗਰਮੀ ਨਾਲ ਜੁੜ ਰਹੀ ਹੈ।

54. ਦਸੰਬਰ, 2025 ਵਿੱਚ ਮੁੱਖ ਮੰਤਰੀ, ਪੰਜਾਬ ਦੇ ਜਪਾਨ ਅਤੇ ਕੋਰੀਆ ਗਣਰਾਜ ਦੇ ਦੌਰਿਆਂ ਨੇ ਰਾਜ ਲਈ ਮਹੱਤਵਪੂਰਨ ਰਣਨੀਤਕ ਅਤੇ ਆਰਥਿਕ ਲਾਭ ਦੇ ਰਾਹ ਖੋਲ੍ਹੇ ਹਨ। ਇਨ੍ਹਾਂ ਰਾਬਤਿਆਂ ਨੇ ਜਿੱਥੇ ਵਿਸ਼ਵਵਿਆਪੀ ਉਦਯੋਗਿਕ ਭਾਈਵਾਲੀਆਂ ਨੂੰ ਮਜ਼ਬੂਤ ਕੀਤਾ ਹੈ, ਉੱਥੇ ਰਾਜ ਵਿਚ ਨਿਵੇਸ਼ ਦੀਆਂ ਸੰਭਾਵਨਾਵਾਂ ਦਾ ਵਿਸਥਾਰ ਕੀਤਾ ਹੈ। ਇਸ ਦੇ ਨਾਲ ਹੀ ਉੱਤਰ

ਭਾਰਤ ਵਿੱਚ ਉੱਚ-ਤਕਨੀਕੀ ਅਤੇ ਮੁੱਲ-ਸੰਚਾਲਿਤ ਨਿਵੇਸ਼ਾਂ ਲਈ ਪਸੰਦੀਦਾ ਸਥਾਨ ਵਜੋਂ ਪੰਜਾਬ ਦੀ ਸਥਿਤੀ ਨੂੰ ਮਜ਼ਬੂਤ ਕੀਤਾ ਹੈ।

55. ਜਪਾਨ ਯਾਤਰਾ ਦੌਰਾਨ ਦੋ ਪ੍ਰਮੁੱਖ ਸਮਝੌਤਾ ਪੱਤਰ ਹਾਸਲ ਕੀਤੇ ਗਏ, ਜਿਨ੍ਹਾਂ ਵਿੱਚ ਵਰਧਮਾਨ ਸਪੈਸ਼ਲ ਸਟੀਲਜ਼ ਅਤੇ ਆਈਚੀ ਸਟੀਲ ਵਿਚਕਾਰ 500 ਕਰੋੜ ਰੁਪਏ ਦਾ ਪ੍ਰਸਤਾਵਿਤ ਨਿਰਮਾਣ ਸਹਿਯੋਗ ਅਤੇ ਟੌਪਨ ਸਪੈਸ਼ਲਿਟੀ ਫ਼ਿਲਮਜ਼ ਦੇ ਨਾਲ ਸਾਂਝੇਦਾਰੀ ਵਿੱਚ ਹੁਨਰ ਉੱਤਮਤਾ ਕੇਂਦਰ (ਸਕਿੱਲ ਐਕਸੀਲੈਂਸ ਸੈਂਟਰ) ਦੀ ਸਥਾਪਨਾ ਸ਼ਾਮਲ ਹੈ। ਟੌਪਨ ਸਪੈਸ਼ਲਿਟੀ ਫ਼ਿਲਮਜ਼ ਨੇ 300 ਤੋਂ 400 ਕਰੋੜ ਰੁਪਏ ਦੇ ਵਿਸਥਾਰ ਨਿਵੇਸ਼ ਲਈ ਇੱਕ ਇੱਛਾ ਪੱਤਰ ਵੀ ਪੇਸ਼ ਕੀਤਾ। ਪ੍ਰਤੀਨਿਧੀਆਂ ਨੇ ਜਪਾਨ ਬੈਂਕ ਫਾਰ ਇੰਟਰਨੈਸ਼ਨਲ ਕੋਆਪਰੇਸ਼ਨ, ਜਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ ਅਤੇ ਅਰਥਵਿਵਸਥਾ, ਵਪਾਰ ਅਤੇ ਉਦਯੋਗ ਮੰਤਰਾਲੇ ਦੇ ਨਾਲ-ਨਾਲ ਹੌਂਡਾ, ਯਾਮਾਹਾ, ਫੁਜਿਤਸੂ, ਐਨਈਸੀ, ਯਾਨਮਾਰ ਅਤੇ ਏਅਰ ਵਾਟਰ ਕਾਰਪੋਰੇਸ਼ਨ ਵਰਗੇ ਪ੍ਰਮੁੱਖ ਨਿਗਮਾਂ ਦੇ ਨਾਲ ਚਰਚਾ ਕੀਤੀ। ਟੋਕੀਓ ਅਤੇ ਓਸਾਕਾ ਵਿੱਚ ਵਪਾਰਕ ਰੋਡ-ਸ਼ੋਅ ਨੇ ਪੰਜਾਬ ਦੀ ਦੂਰਦ੍ਰਿਸ਼ਟੀ ਨੂੰ ਹੋਰ ਵਧਾਇਆ ਅਤੇ ਉੱਨਤ ਨਿਰਮਾਣ, ਇਲੈਕਟ੍ਰਿਕ ਮੋਬਿਲਿਟੀ, ਸਾਫ਼ ਊਰਜਾ, ਖੇਤੀ-ਤਕਨੀਕ, ਡਿਜੀਟਲ ਗਵਰਨੈਂਸ ਅਤੇ ਬੁਨਿਆਦੀ ਢਾਂਚਾ ਖੇਤਰਾਂ ਲਈ ਵਿੱਤੀ ਸਹਿਯੋਗ ਦੇ ਰਾਹ ਖੋਲ੍ਹੇ।

56. ਕੋਰੀਆ ਗਣਰਾਜ ਦੀ ਯਾਤਰਾ ਨੇ ਖੇਤਰ-ਵਿਸ਼ੇਸ਼ ਨਿਵੇਸ਼ ਦਿਲਚਸਪੀ ਪੈਦਾ ਕੀਤੀ। ਜੀ.ਐੱਸ. ਇੰਜੀਨੀਅਰਿੰਗ ਐਂਡ ਕੰਸਟ੍ਰਕਸ਼ਨ, ਨੌਂਗਸ਼ਿਮ ਸਨਜਿਨ ਅਤੇ ਦਾਈਵੂ ਇੰਜੀਨੀਅਰਿੰਗ ਐਂਡ ਕੰਸਟ੍ਰਕਸ਼ਨ ਸਮੇਤ ਕਾਰਪੋਰੇਸ਼ਨਾਂ ਨੇ ਨਵਿਆਉਣਯੋਗ ਊਰਜਾ, ਭੋਜਨ ਪ੍ਰੋਸੈਸਿੰਗ, ਏਕੀਕ੍ਰਿਤ ਪਸ਼ੂ ਪੋਸ਼ਣ ਅਤੇ ਉੱਚ-ਤਕਨੀਕੀ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਵਿਕਾਸ ਵਿੱਚ ਸੰਭਾਵਨਾਵਾਂ ਤਲਾਸ਼ ਕੀਤੀਆਂ। ਕੋਰੀਆ ਡਿਸਪਲੇ ਇੰਡਸਟਰੀ ਐਸੋਸੀਏਸ਼ਨ, ਸਿਓਲ ਬਿਜ਼ਨਸ ਏਜੰਸੀ ਅਤੇ ਕੋਰੀਆ ਸਰਕਟ ਕੰਪਨੀ ਨਾਲ ਮੁਲਾਕਾਤਾਂ ਨੇ ਇਲੈਕਟ੍ਰੌਨਿਕਸ, ਸੈਮੀਕੰਡਕਟਰ-ਨਾਲ ਜੁੜੇ ਨਿਰਮਾਣ, ਖੋਜ ਤੇ ਵਿਕਾਸ ਅਤੇ ਡਿਸਪਲੇ ਤਕਨਾਲੋਜੀ

ਕਲੱਸਟਰਾਂ ਵਿੱਚ ਸੰਭਾਵਨਾਵਾਂ ਨੂੰ ਵਧਾਇਆ। ਪਾਂਗਯੋ ਟੈਕਨੋ ਵੈਲੀ ਦੇ ਦੌਰੇ ਨੇ ਮੋਹਾਲੀ ਦੇ ਨਿਵੇਕਲੇ ਈਕੋਸਿਸਟਮ ਨੂੰ ਮਜ਼ਬੂਤ ਕਰਨ ਲਈ ਮੁੱਲਵਾਨ ਸੋਝੀ ਪ੍ਰਦਾਨ ਕੀਤੀ।

57. ਕੁੱਲ ਮਿਲਾ ਕੇ ਇਨ੍ਹਾਂ ਯਾਤਰਾਵਾਂ ਨੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਹੈ, ਫਾਲੋ-ਅੱਪ ਮਕੈਨਿਜ਼ਮ ਨੂੰ ਸੰਸਥਾਗਤ ਰੂਪ ਦਿੱਤਾ ਹੈ ਅਤੇ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸੰਮਿਟ 2026 ਤੋਂ ਪਹਿਲਾਂ ਪੰਜਾਬ ਵਿੱਚ ਤਕਨਾਲੋਜੀ-ਸੰਚਾਲਿਤ ਅਤੇ ਨਵੀਨਤਾਕਾਰੀ-ਅਗਵਾਈ ਵਾਲੇ ਨਿਵੇਸ਼ਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਮਜ਼ਬੂਤ ਨੀਂਹ ਰੱਖੀ ਹੈ।

58. "ਉਦਯੋਗ ਕ੍ਰਾਂਤੀ ਪਹਿਲਕਦਮੀ" ਦੇ ਹਿੱਸੇ ਵਜੋਂ ਸਰਕਾਰ ਨੇ 2025 ਵਿੱਚ 24 ਖੇਤਰੀ ਕਮੇਟੀਆਂ ਦਾ ਗਠਨ ਕੀਤਾ ਹੈ। ਸਰਕਾਰ ਨੇ "ਰਾਈਜ਼ਿੰਗ ਪੰਜਾਬ- ਸੁਝਾਵਾਂ ਤੋਂ ਹੱਲ" ਪ੍ਰੋਗਰਾਮ ਲੜੀ ਸ਼ੁਰੂ ਕੀਤੀ ਹੈ ਜੋ ਬਠਿੰਡਾ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਐੱਸ.ਏ.ਐੱਸ. ਨਗਰ ਵਿਖੇ ਆਯੋਜਿਤ ਇੱਕ ਮਹੱਤਵਪੂਰਨ ਸਲਾਹ- ਮਸ਼ਵਰਾ ਮੁਹਿੰਮ ਹੈ। ਇਸ ਦਾ ਉਦੇਸ਼ ਹੈ ਕਿ ਪੰਜਾਬ ਦੇ ਉਦਯੋਗਾਂ ਨੂੰ ਆਉਣ ਵਾਲੀ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀ ਦੇ ਨਿਰਮਾਣ ਵਿੱਚ ਸਿੱਧੀ ਅਵਾਜ਼ ਦਿੱਤੀ ਜਾ ਸਕੇ। ਮੇਰੀ ਸਰਕਾਰ ਨੇ ਪੰਜਾਬ ਕਾਰੋਬਾਰ ਦਾ ਅਧਿਕਾਰ (ਸੋਧ) ਐਕਟ ਅਤੇ ਨਿਯਮ 2025 ਨੂੰ ਅਧਿਸੂਚਿਤ ਕੀਤਾ ਹੈ।

59. ਮੇਰੀ ਸਰਕਾਰ ਨੇ ਵਧੀ ਹੋਈ ਜ਼ਮੀਨ ਲਾਗਤ ਅਤੇ ਮੂਲ ਲਾਗਤ ਦੇ ਬਕਾਏ ਦੇ ਨਿਪਟਾਰੇ ਲਈ 'ਵਨ ਟਾਈਮ ਸੈਟਲਮੈਂਟ ਸਕੀਮ', ਪਲਾਟਾਂ ਦੇ ਕਲੱਬਿੰਗ ਤੇ ਡੀ-ਕਲੱਬਿੰਗ ਲਈ ਨੀਤੀ ਅਤੇ ਪਲਾਟਾਂ ਦੀ ਵੰਡ/ਉਪ-ਵੰਡ ਲਈ ਨੀਤੀ ਲਾਂਚ ਕੀਤੀ ਹੈ। ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਅਤੇ ਪਲਾਟ ਦੀ ਵਰਤੋਂ ਵਿੱਚ ਲਚਕਤਾ ਲਿਆਉਣ ਲਈ ਪੀ.ਐਸ.ਆਈ.ਈ.ਸੀ. (PSIEC) ਵੱਲੋਂ ਲੀਜ਼ਹੋਲਡ ਤੋਂ ਫਰੀਹੋਲਡ ਵਿੱਚ ਬਦਲਣ ਦੀ ਨੀਤੀ ਅਤੇ ਰੱਦ ਕੀਤੇ ਗਏ ਪਲਾਟਾਂ ਲਈ 'ਅਪੀਲੀ ਅਥਾਰਟੀ' ਨੂੰ ਸਾਲ 2025 ਵਿੱਚ ਅਧਿਸੂਚਿਤ ਕੀਤਾ ਗਿਆ ਹੈ।

60. ਮੇਰੀ ਸਰਕਾਰ ਨੇ ਮਿਤੀ 01.01.2025 ਤੋਂ ਦੂਰ ਸੰਚਾਰ (ਰਾਈਟ ਆਫ ਵੇਜ਼) ਨਿਯਮ 2024 ਨੂੰ ਸਫ਼ਲਤਾਪੂਰਵਕ ਲਾਗੂ ਕਰ ਦਿੱਤਾ ਹੈ। ਇਸ ਦਾ ਉਦੇਸ਼ ਸੂਬੇ ਵਿੱਚ ਟੈਲੀਕਾਮ ਬੁਨਿਆਦੀ

ਢਾਂਚੇ ਦੇ ਵਿਸਥਾਰ ਨੂੰ ਸੁਖਾਲਾ ਬਣਾਉਣਾ ਹੈ ਤਾਂ ਜੋ ਨਾਗਰਿਕਾਂ ਤੇ ਕਾਰੋਬਾਰਾਂ ਲਈ ਮਿਆਰੀ ਟੈਲੀਕਾਮ ਸੰਪਰਕ ਨੂੰ ਯਕੀਨੀ ਬਣਾਇਆ ਜਾ ਸਕੇ।

61. ਮੇਰੇ ਰਾਜ ਵਿੱਚ ਮਿਤੀ 01.04.2022 ਤੋਂ 29.12.2025 ਤੱਕ ਦੀ ਮਿਆਦ ਦੇ ਦੌਰਾਨ ਪ੍ਰਧਾਨ ਮੰਤਰੀ ਰੁਜ਼ਗਾਰ ਗਾਰੰਟੀ ਪ੍ਰੋਗਰਾਮ ਦੇ ਤਹਿਤ ਕੁੱਲ 5060 ਮਾਈਕਰੋ ਯੂਨਿਟਾਂ ਨੂੰ ਉਹਨਾਂ ਦਾ ਪਹਿਲਾ ਕਰਜ਼ਾ ਮਨਜ਼ੂਰ ਕੀਤਾ ਗਿਆ ਸੀ ਜਿਸ ਵਿੱਚ 298.49 ਕਰੋੜ ਰੁਪਏ ਦੀ ਮਾਰਜਿਨ ਮਨੀ ਵੰਡੀ ਗਈ ਸੀ।

62. ਮੇਰੇ ਰਾਜ ਵਿੱਚ ਐੱਮ.ਐੱਸ.ਐੱਮ.ਈਜ਼. ਨੂੰ ਰਸਮੀ ਰੂਪ ਦੇਣ ਦੇ ਯਤਨਾਂ ਸਦਕਾ ਹੁਣ ਤੱਕ ਭਾਰਤ ਸਰਕਾਰ ਦੇ ਉੱਦਮ ਰਜਿਸਟ੍ਰੇਸ਼ਨ ਪੋਰਟਲ 'ਤੇ ਲਗਭਗ 15.48 ਲੱਖ ਐੱਮ.ਐੱਸ.ਐੱਮ.ਈਜ਼ ਰਜਿਸਟਰਡ ਹੋ ਚੁੱਕੇ ਹਨ। ਮਿਤੀ 30.11.2025 ਤੱਕ ਜ਼ਿਲ੍ਹਾ ਪੱਧਰੀ ਸੂਖਮ ਅਤੇ ਲਘੂ ਉਦਯੋਗ ਸਹੂਲਤ ਕੌਂਸਲਾਂ (DL-MSEFCs) ਨੇ 1,391 ਕਰੋੜ ਰੁਪਏ ਦੇ 4093 ਮਾਮਲਿਆਂ ਦਾ ਨਿਪਟਾਰਾ ਕੀਤਾ ਹੈ।

63. ਮੇਰੇ ਰਾਜ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਮਾਰਚ 2026 ਵਿੱਚ 'ਪ੍ਰਗਤੀਸ਼ੀਲ ਪੰਜਾਬ ਸੰਮੇਲਨ 2026' ਦਾ 6ਵਾਂ ਐਡੀਸ਼ਨ ਕਰਵਾਇਆ ਜਾਵੇਗਾ ਤਾਂ ਜੋ ਉਦਯੋਗਿਕ ਸਹਾਇਤਾ ਨੂੰ ਸੱਦਾ ਅਤੇ ਹੁਲਾਰਾ ਦਿੱਤਾ ਜਾ ਸਕੇ।

64. ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਹਾਲ ਹੀ ਵਿੱਚ ਨਿਰਮਾਣ ਅਧੀਨ 15 ਵੱਡੀਆਂ ਸਤਹੀ ਜਲ ਯੋਜਨਾਵਾਂ ਵਿੱਚੋਂ 7 ਪ੍ਰੋਜੈਕਟ ਚਾਲੂ ਕਰ ਦਿੱਤੇ ਗਏ ਹਨ। 519.88 ਕਰੋੜ ਰੁਪਏ ਦੀ ਲਾਗਤ ਵਾਲੇ ਇਹ ਪ੍ਰੋਜੈਕਟ 606 ਪਿੰਡਾਂ ਨੂੰ ਕਵਰ ਕਰਦੇ ਹਨ ਜਿਸ ਨਾਲ 7.37 ਲੱਖ ਦੀ ਆਬਾਦੀ ਨੂੰ ਲਾਭ ਮਿਲ ਰਿਹਾ ਹੈ। ਇਹਨਾਂ ਵਿੱਚੋਂ ਇੱਕ-ਇੱਕ ਪ੍ਰੋਜੈਕਟ ਜ਼ਿਲ੍ਹਾ ਰੋਪੜ, ਫ਼ਤਿਹਗੜ੍ਹ ਸਾਹਿਬ ਅਤੇ ਗੁਰਦਾਸਪੁਰ ਵਿੱਚ ਅਤੇ ਦੋ-ਦੋ ਪ੍ਰੋਜੈਕਟ ਪਟਿਆਲਾ ਅਤੇ ਅੰਮ੍ਰਿਤਸਰ ਵਿੱਚ ਸਥਾਪਤ ਕੀਤੇ ਗਏ ਹਨ। ਇਹ ਸਾਰੇ 15 ਪ੍ਰੋਜੈਕਟ ਮੁਕੰਮਲ ਹੋਣ 'ਤੇ ਲਗਭਗ 25 ਲੱਖ ਦੀ ਅਬਾਦੀ ਨੂੰ ਲਾਭ ਪਹੁੰਚਾਉਣਗੇ।

65. ਮੇਰੇ ਰਾਜ ਨੂੰ ਖੁੱਲ੍ਹੇ ਵਿੱਚ ਸ਼ੌਚ ਮੁਕਤ (ODF) ਘੋਸ਼ਿਤ ਕੀਤਾ ਗਿਆ ਹੈ ਅਤੇ ਇਸ ਸਥਿਤੀ ਨੂੰ ਸਫਲਤਾਪੂਰਵਕ ਬਰਕਰਾਰ ਰੱਖਿਆ ਹੈ ਜੋ ਕਿ ਰਾਜ ਦੀ ਸਵੱਛਤਾ ਅਤੇ ਸਫਾਈ ਦੇ ਸੁਧਾਰ ਵੱਲ ਯਾਤਰਾ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਪੰਜਾਬ ਹੁਣ ਓ.ਡੀ.ਐੱਫ਼. ਪਲੱਸ ਦਰਜਾ ਪ੍ਰਾਪਤ ਕਰਨ ਲਈ ਕੰਮ ਕਰ ਰਿਹਾ ਹੈ। 11,782 ਪਿੰਡ ਪਹਿਲਾਂ ਹੀ ਓ.ਡੀ.ਐੱਫ਼. ਪਲੱਸ ਘੋਸ਼ਿਤ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ 2,219 ਮਾਡਲ ਓ.ਡੀ.ਐੱਫ਼. ਪਲੱਸ ਪਿੰਡ ਵੀ ਸ਼ਾਮਲ ਹਨ।

66. ਹੁਣ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਜੀਵਾਣੂ ਵਿਗਿਆਨ (ਬੈਕਟੀਰੀਓਲੋਜੀਕਲ) ਪੈਰਾਮੀਟਰਾਂ ਲਈ ਐੱਨ.ਏ.ਬੀ.ਐੱਲ (NABL) ਮਾਨਤਾ ਪ੍ਰਾਪਤ ਕਰਨ ਲਈ 6.24 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 24 ਪਾਣੀ ਜਾਂਚ ਪ੍ਰਯੋਗਸ਼ਾਲਾਵਾਂ ਦੇ ਬੈਕਟੀਰੀਓਲੋਜੀਕਲ ਭਾਗਾਂ ਦੀ ਸਥਾਪਨਾ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। 7 ਪ੍ਰਯੋਗਸ਼ਾਲਾਵਾਂ 'ਤੇ ਬੁਨਿਆਦੀ ਢਾਂਚਾਗਤ ਕੰਮ ਅਤੇ ਨਵੇਂ ਉਪਕਰਨਾਂ ਦੀ ਸਥਾਪਨਾ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ ਅਤੇ ਬਾਕੀ 17 ਪ੍ਰਯੋਗਸ਼ਾਲਾਵਾਂ ਜੂਨ 2026 ਤੱਕ ਪੂਰੇ ਹੋਣ ਦੀ ਸੰਭਾਵਨਾ ਹੈ।

67. ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਇੱਕ ਡਿਜੀਟਲ ਪਰਿਵਰਤਨ ਯਾਤਰਾ ਸ਼ੁਰੂ ਕੀਤੀ ਹੈ, ਜਿਸ ਵਿੱਚ 897 ਪਿੰਡਾਂ ਵਿੱਚ 346 ਜਲ ਸਪਲਾਈ ਸਕੀਮਾਂ ਲਈ 28.98 ਕਰੋੜ ਰੁਪਏ ਦੀ ਲਾਗਤ ਨਾਲ ਇੱਕ IoT-ਅਧਾਰਤ ਰਿਮੋਟ ਨਿਗਰਾਨੀ ਪ੍ਰਣਾਲੀ ਲਾਗੂ ਕੀਤੀ ਗਈ ਹੈ ਤਾਂ ਜੋ ਜਲ ਸਪਲਾਈ ਪ੍ਰਬੰਧਨ ਵਿੱਚ ਕੁਸ਼ਲਤਾ ਅਤੇ ਪਾਰਦਰਸ਼ਤਾ ਵਧਾਈ ਜਾ ਸਕੇ।

68. ਮੇਰੀ ਸਰਕਾਰ ਦੇ ਕਾਰਜਕਾਲ ਦੌਰਾਨ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਨੇ ਵਿੱਤੀ ਸਾਲ 2025-26 ਦੌਰਾਨ 1,35,811 ਏਕੜ ਪੰਚਾਇਤੀ ਜ਼ਮੀਨ ਨੂੰ ਲੀਜ਼ 'ਤੇ ਲੈਣ ਤੋਂ ਬਾਅਦ ਲਗਭਗ 520.54 ਕਰੋੜ ਰੁਪਏ ਦੀ ਆਮਦਨ ਪੈਦਾ ਕੀਤੀ ਹੈ। ਮੇਰੀ ਸਰਕਾਰ ਨੇ ਮਨਰੇਗਾ ਸਕੀਮ ਤਹਿਤ ਮਹੱਤਵਪੂਰਨ ਤਰੱਕੀ ਕੀਤੀ ਹੈ। ਪੰਜਾਬ ਨੇ ਵਿੱਤੀ ਸਾਲ 2025-26 ਦੌਰਾਨ ਰਾਜ ਦੇ ਪੇਂਡੂ ਖੇਤਰਾਂ ਵਿੱਚ ਲਗਭਗ 1.40 ਲੱਖ ਵਿਕਾਸ ਕਾਰਜ ਕੀਤੇ ਹਨ ਜਿਨ੍ਹਾਂ ਦੀ ਕੁੱਲ

ਲਾਗਤ 860 ਕਰੋੜ ਰੁਪਏ ਹੈ। ਇਸ ਨਾਲ 195 ਲੱਖ ਤੋਂ ਵੱਧ ਦਿਹਾੜੀਆਂ ਪੈਦਾ ਹੋਈਆਂ ਹਨ ਜਿਸ ਨਾਲ 8.52 ਲੱਖ ਘਰਾਂ ਨੂੰ ਰੁਜ਼ਗਾਰ ਮਿਲਿਆ ਹੈ। ਵਿੱਤੀ ਸਾਲ 2025-26 ਦੌਰਾਨ ਮਨਰੇਗਾ ਸਕੀਮ ਅਤੇ ਪੰਚਾਇਤ ਫੰਡਾਂ ਦੇ ਸੁਮੇਲ ਨਾਲ ਪ੍ਰਤੀ ਖੇਡ ਮੈਦਾਨ 30-32 ਲੱਖ ਰੁਪਏ ਦੀ ਲਾਗਤ ਨਾਲ 3200 ਮਾਡਲ ਖੇਡ ਮੈਦਾਨ ਬਣਾਏ ਜਾ ਰਹੇ ਹਨ।

69. 'ਪ੍ਰਧਾਨ ਮੰਤਰੀ ਆਵਾਸ ਯੋਜਨਾ' (ਗ੍ਰਾਮੀਣ) ਅਧੀਨ ਵਿੱਤੀ ਸਾਲ 2025-26 ਦੌਰਾਨ 74,219 ਘਰਾਂ ਦੇ ਟੀਚੇ ਦੇ ਵਿਰੁੱਧ ਮਿਤੀ 23.12.2025 ਤੱਕ ਕੁੱਲ 62,013 ਘਰ (83.5%) ਮਨਜ਼ੂਰ ਕੀਤੇ ਗਏ ਹਨ ਜਿਸ ਵਿੱਚ 24,876 ਹੜ੍ਹ ਪ੍ਰਭਾਵਿਤ ਘਰ ਸ਼ਾਮਲ ਹਨ ਜੋ ਪੰਜਾਬ ਦੁਆਰਾ ਪੇਸ਼ ਕੀਤੇ ਗਏ ਖਾਸ ਪ੍ਰਸਤਾਵ 'ਤੇ ਕੇਂਦਰ ਸਰਕਾਰ ਦੁਆਰਾ ਪ੍ਰਵਾਨਿਤ ਵਿਸ਼ੇਸ਼ ਪ੍ਰੋਜੈਕਟ ਅਧੀਨ ਕਵਰ ਕੀਤੇ ਗਏ ਹਨ। ਵਿੱਤੀ ਸਾਲ 2025-26 ਦੌਰਾਨ ਹੁਣ ਤੱਕ ਕੁੱਲ ਖਰਚ 150.12 ਕਰੋੜ ਰੁਪਏ ਹੈ।

70. ਮੇਰੀ ਸਰਕਾਰ ਨੇ ਦਸੰਬਰ 2025 ਤੱਕ ਦੇ ਸਾਰੇ ਬਿਜਲੀ ਸਬਸਿਡੀ ਬਕਾਏ ਸਮੇਤ ਲੰਬਿਤ ਦੇਣਦਾਰੀਆਂ ਦੇ ਸਫਲਤਾਪੂਰਵਕ ਅਦਾ ਕਰ ਦਿੱਤੇ ਹਨ। ਸਾਡੀ ਰਾਜ ਸਰਕਾਰ ਨੇ ਵਿੱਤੀ ਸਾਲ 2025-26 ਦੌਰਾਨ ਰਾਜ ਦੇ ਕੰਸੋਲੀਡੇਟਿਡ ਸਿੰਕਿੰਗ ਫੰਡ (CSF) ਵਿੱਚ 1000 ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ, ਜਿਸ ਨਾਲ ਸੰਗ੍ਰਹਿਤ ਯੋਗਦਾਨ 10,738 ਕਰੋੜ ਰੁਪਏ (ਦਸੰਬਰ, 2025 ਤੱਕ) ਹੋ ਗਿਆ ਹੈ। ਇਸ ਤੋਂ ਇਲਾਵਾ ਪਹਿਲੀ ਵਾਰ ਮੇਰੀ ਸਰਕਾਰ ਨੇ ਵਿੱਤੀ ਸਾਲ 2025-26 ਦੌਰਾਨ ਗਰੰਟੀ ਰੀਡੈਂਪਸ਼ਨ ਫੰਡ ਵਿੱਚ 1000 ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ।

71. ਮੇਰੀ ਸਰਕਾਰ ਦੇ ਅਧੀਨ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (PIDB) ਜਨਤਕ-ਨਿੱਜੀ ਭਾਈਵਾਲੀ (PPP) ਮਾਡਲ ਰਾਹੀਂ ਰਾਜ ਦੇ ਮਹੱਤਵਪੂਰਨ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਨੂੰ ਅੱਗੇ ਵਧਾ ਰਿਹਾ ਹੈ ਜਿਸ ਨਾਲ ਨਿੱਜੀ ਨਿਵੇਸ਼ ਅਤੇ ਮੁਹਾਰਤ ਦੇ ਨਾਲ ਮਜ਼ਬੂਤ ਜਨਤਕ ਨਿਗਰਾਨੀ ਯਕੀਨੀ ਬਣਾਈ ਜਾ ਰਹੀ ਹੈ। ਸਿਹਤ ਸੰਭਾਲ ਦੇ ਖੇਤਰ ਵਿੱਚ PIDB ਦੋ ਕਲੱਸਟਰਾਂ ਵਿੱਚ 15 ਹਸਪਤਾਲਾਂ ਵਿੱਚ ਜੱਚਾ-ਬੱਚਾ ਸਿਹਤ ਸੰਭਾਲ (MCH) ਬਲਾਕਾਂ ਦੇ ਸੰਚਾਲਨ ਅਤੇ ਰੱਖ-

ਰਖਾਅ ਦਾ ਕਾਰਜ ਕੀਤਾ ਜਾ ਰਿਹਾ ਹੈ ਜਿਸ ਨਾਲ ਸੇਵਾ ਦੇ ਮਿਆਰਾਂ ਤੇ ਸਹੂਲਤ ਪ੍ਰਬੰਧਨ ਵਿੱਚ ਸੁਧਾਰ ਹੋਣ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋ ਰਹੇ ਹਨ। ਨਵਾਂ ਸ਼ਹਿਰ ਅਤੇ ਸੰਗਰੂਰ ਵਿਖੇ ਮੈਡੀਕਲ ਕਾਲਜ ਵੀ ਜਨਤਕ-ਨਿੱਜੀ ਭਾਈਵਾਲੀ ਮਾਡਲ ਅਧੀਨ ਵਿਕਸਤ ਕੀਤੇ ਜਾ ਰਹੇ ਹਨ ਤਾਂ ਜੋ ਡਾਕਟਰੀ ਸਿੱਖਿਆ ਦਾ ਵਿਸਥਾਰ ਕੀਤਾ ਜਾ ਸਕੇ ਅਤੇ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ। ਸੈਰ-ਸਪਾਟੇ ਵਿੱਚ ਆਮ ਖਾਸ ਬਾਗ਼ ਸਰਹਿੰਦ, ਪਿੰਕਾਸੀਆ ਟੂਰਿਸਟ ਕੰਪਲੈਕਸ ਰੂਪਨਗਰ, ਦਰਬਾਰ ਹਾਲ ਕਪੂਰਥਲਾ, ਰੋਪਵੇਅ ਪ੍ਰੋਜੈਕਟ ਅੰਮ੍ਰਿਤਸਰ ਅਤੇ ਸੋਹਣੀ ਰੈਸਟ ਹਾਊਸ ਗੋਆ ਸਮੇਤ ਪ੍ਰੋਜੈਕਟ ਵਿਰਾਸਤੀ ਸੰਪਤੀਆਂ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਮੋਹਾਲੀ ਅਤੇ ਲੁਧਿਆਣਾ ਵਿਖੇ ਦੋ ਸੰਮੇਲਨ ਕੇਂਦਰ ਵਪਾਰਕ ਸੈਰ-ਸਪਾਟਾ ਅਤੇ ਸ਼ਹਿਰੀ ਵਿਕਾਸ ਨੂੰ ਹੋਰ ਉਤਸ਼ਾਹਿਤ ਕਰਨਗੇ। ਇਹ ਪਹਿਲਕਦਮੀਆਂ ਸਰਕਾਰੀ ਖਜ਼ਾਨੇ ਤੇ ਬਿਨਾਂ ਕਿਸੇ ਵਾਧੂ ਬੋਝ ਦੇ ਤੇਜ਼ੀ ਨਾਲ ਬੁਨਿਆਦੀ ਢਾਂਚੇ ਅਤੇ ਸਥਾਨਕ ਅਰਥ ਵਿਵਸਥਾ ਦੇ ਵਿਕਾਸ ਨੂੰ ਯਕੀਨੀ ਬਣਾਉਂਦੀਆਂ ਹਨ। ਇਸ ਸਮੇਂ ਦੌਰਾਨ 94.81 ਲੱਖ ਰੁਪਏ ਦੀਆਂ ਆਡਿਟ ਫੀਸਾਂ ਪ੍ਰਾਪਤ ਹੋਈਆਂ ਹਨ ਜੋ ਮਜ਼ਬੂਤ ਵਿੱਤੀ ਨਿਗਰਾਨੀ ਨੂੰ ਦਰਸਾਉਂਦੀਆਂ ਹਨ।

72. ਸਿਰਫ਼ ਦੋ ਸਾਲਾਂ ਵਿੱਚ ਸੜਕ ਸੁਰੱਖਿਆ ਫੋਰਸ (SSF) ਨੇ ਪੰਜਾਬ ਵਿੱਚ ਐਮਰਜੈਂਸੀ ਸਹਾਇਤਾ ਦੀ ਪਰਿਭਾਸ਼ਾ ਬਦਲ ਦਿੱਤੀ ਹੈ। 24 ਘੰਟੇ ਕੰਮ ਕਰਦੀਆਂ SSF ਦੀਆਂ ਟੀਮਾਂ ਰੋਜ਼ਾਨਾ 15,000 ਕਿਲੋਮੀਟਰ ਗਸ਼ਤ ਕਰਦੀਆਂ ਹਨ ਤਾਂ ਜੋ ਮੁਸੀਬਤ ਦੇ ਸਮੇਂ ਕੋਈ ਵੀ ਨਾਗਰਿਕ ਬੇਸਹਾਰਾ ਨਾ ਰਹੇ। ਫਰਵਰੀ 2024 ਤੋਂ ਜਨਵਰੀ 2026 ਦੇ ਦਰਮਿਆਨ ਇਸ ਫੋਰਸ ਨੇ ਲਗਭਗ 44,000 ਹਾਦਸਿਆਂ ਮੌਕੇ ਪਹੁੰਚ ਕੇ 47,000 ਤੋਂ ਵੱਧ ਲੋਕਾਂ ਦੀ ਮਦਦ ਕੀਤੀ। ਸੜਕ ਸੁਰੱਖਿਆ ਫੋਰਸ ਨੇ 19,973 ਵਿਅਕਤੀਆਂ ਨੂੰ ਮੌਕੇ 'ਤੇ ਮੁੱਢਲੀ ਸਹਾਇਤਾ (First Aid) ਪ੍ਰਦਾਨ ਕਰਨ ਤੋਂ ਲੈ ਕੇ 27,413 ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਉਣ ਤੱਕ ਇਹ ਸਾਬਤ ਕੀਤਾ ਹੈ ਕਿ ਹਰ ਸਕਿੰਟ ਕੀਮਤੀ ਹੁੰਦਾ ਹੈ। ਰੋਜ਼ਾਨਾ ਔਸਤਨ 63 ਲੋਕਾਂ ਦੀ ਮਦਦ ਕਰਨ ਵਾਲੀ ਸੜਕ ਸੁਰੱਖਿਆ ਫੋਰਸ ਸਿਰਫ਼ ਇੱਕ ਗਸ਼ਤ ਯੂਨਿਟ ਨਹੀਂ ਸਗੋਂ ਇਹ

ਸੜਕਾਂ ਦੀ ਰਾਖੀ ਕਰਨ ਵਾਲੀ 'ਗਾਰਡੀਅਨ' ਹੈ। ਭਾਰਤ ਵਿੱਚ ਮੋਟਰ ਹਾਦਸਿਆਂ ਲਈ ਮੁਆਵਜ਼ੇ ਦੀ ਕਾਨੂੰਨੀ ਵਿਵਸਥਾ ਮੋਟਰ ਵਾਹਨ ਐਕਟ (1988) ਅਧੀਨ ਨਿਰਧਾਰਤ ਕੀਤੀ ਗਈ ਹੈ। 'ਮੋਟਰ ਐਕਸੀਡੈਂਟ ਕਲੇਮਜ਼ ਟ੍ਰਿਬਿਊਨਲ' ਹਾਦਸੇ ਵਿੱਚ ਸ਼ਾਮਲ ਪਾਰਟੀਆਂ ਦੀ ਦੇਣਦਾਰੀ ਨਾਲ ਸਬੰਧਤ ਫਾਰਮੂਲੇ ਦੇ ਅਧਾਰ 'ਤੇ ਕੇਸ ਦਾ ਫੈਸਲਾ ਕਰਦਾ ਹੈ। ਜਿਨ੍ਹਾਂ ਮਾਮਲਿਆਂ ਵਿੱਚ ਹਾਦਸਾ ਕਰਨ ਵਾਲੇ ਵਾਹਨ ਦੀ ਪਛਾਣ ਨਹੀਂ ਹੋ ਸਕਦੀ, ਉਨ੍ਹਾਂ ਵਿੱਚ ਮੋਟਰ ਵਾਹਨ ਐਕਟ ਵਿੱਚ 2022 ਦੀਆਂ ਸੋਧਾਂ ਨੇ ਰਾਜ ਦੁਆਰਾ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। ਹੁਣ ਮੌਤ ਦੇ ਮਾਮਲੇ ਵਿੱਚ ਇਹ ਰਾਸ਼ੀ 2 ਲੱਖ ਰੁਪਏ ਅਤੇ ਗੰਭੀਰ ਸੱਟ ਲੱਗਣ ਦੀ ਸੂਰਤ ਵਿੱਚ 50,000 ਰੁਪਏ ਕਰ ਦਿੱਤੀ ਗਈ ਹੈ।

73. ਮੇਰੀ ਸਰਕਾਰ ਨੇ ਸੜਕ ਹਾਦਸਿਆਂ ਦੇ ਪੀੜਤਾਂ ਨੂੰ ਸਮੇਂ ਸਿਰ ਸਹਾਇਤਾ ਯਕੀਨੀ ਬਣਾਉਣ ਦੇ ਉਦੇਸ਼ ਨਾਲ ਫ਼ਰਿਸ਼ਤੇ ਯੋਜਨਾ ਲਾਂਚ ਕੀਤੀ ਹੈ। ਫ਼ਰਿਸ਼ਤੇ ਸਕੀਮ ਹਾਦਸੇ ਦੇ ਪੀੜਤਾਂ ਨੂੰ ਤੁਰੰਤ, ਕੈਸ਼ਲੈੱਸ ਇਲਾਜ ਪ੍ਰਦਾਨ ਕਰਦੀ ਹੈ ਅਤੇ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਪਹੁੰਚਾਉਣ ਵਿੱਚ ਮਦਦ ਕਰਨ ਵਾਲੇ ਨੇਕ ਵਿਅਕਤੀਆਂ ਨੂੰ 2,000 ਰੁਪਏ ਅਤੇ ਇੱਕ ਸਰਟੀਫਿਕੇਟ ਨਾਲ ਪ੍ਰੋਤਸਾਹਿਤ ਕਰਦੀ ਹੈ। ਇਸ ਪਹਿਲਕਦਮੀ ਨੇ ਹੁਣ ਤੱਕ 600 ਤੋਂ ਵੱਧ ਸੜਕ ਹਾਦਸਾ ਪੀੜਤਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਵਿੱਚ ਸਮਰੱਥ ਬਣਾਇਆ ਹੈ।

74. ਮੇਰੀ ਸਰਕਾਰ ਨੇ ਐਮਰਜੈਂਸੀ ਪ੍ਰਤੀਕਿਰਿਆ ਸਹਾਇਤਾ ਪ੍ਰਣਾਲੀ (ਈ.ਆਰ.ਐੱਸ.ਐੱਸ.) ਡਾਇਲ-112 ਨੂੰ ਮਜ਼ਬੂਤ ਕਰਨ ਲਈ ਮੌਜੂਦਾ ਵਿੱਤੀ ਸਾਲ 2025-26 ਦੌਰਾਨ 500 ਵਾਧੂ ਵਾਹਨਾਂ ਦੀ ਖਰੀਦ ਲਈ 50 ਕਰੋੜ ਰੁਪਏ ਦੇ ਫੰਡ ਮਨਜ਼ੂਰ ਕੀਤੇ ਹਨ।

75. ਸਾਲ ਦੌਰਾਨ ਰਾਜ ਚੋਣ ਕਮਿਸ਼ਨ ਨੇ 14.12.2025 ਨੂੰ ਰਾਜ ਭਰ ਵਿੱਚ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਮੈਂਬਰਾਂ ਦੀ ਚੋਣ ਲਈ ਆਮ ਚੋਣਾਂ ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਈਆਂ ਹਨ। ਕਮਿਸ਼ਨ ਇਸ ਸਮੇਂ ਨੋਟੀਫਿਕੇਸ਼ਨ ਜਾਰੀ ਹੋਣ 'ਤੇ 9 ਨਗਰ ਨਿਗਮਾਂ ਅਤੇ 104 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਆਮ ਚੋਣਾਂ ਕਰਵਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ।

76. ਮੇਰੀ ਸਰਕਾਰ ਦੇ ਅਧੀਨ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵਿਗਿਆਨਕ ਨਜ਼ਰੀਏ ਨੂੰ ਲਗਾਤਾਰ ਉਤਸ਼ਾਹਿਤ ਕਰ ਰਿਹਾ ਹੈ, ਜਿਸ ਨਾਲ 2025-26 ਵਿੱਚ ਮੁੱਖ ਮੰਤਰੀ ਵਿਗਿਆਨ ਯਾਤਰਾ ਦੇ ਤਹਿਤ 60,000 ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਪਹੁੰਚਿਆ ਹੈ। 26.90 ਕਰੋੜ ਰੁਪਏ ਦਾ STEM (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ) ਅੱਪਗ੍ਰੇਡੇਸ਼ਨ ਪ੍ਰੋਜੈਕਟ ਚੱਲ ਰਿਹਾ ਹੈ, ਜਿਸ ਵਿੱਚ ਤਾਰਾ ਮੰਡਲ (ਪਲੈਨੇਟੇਰੀਅਮ) ਦਾ ਆਧੁਨਿਕੀਕਰਨ ਅਤੇ ਨਵੀਆਂ ਵਿਗਿਆਨ ਗੈਲਰੀਆਂ ਦਾ ਨਿਰਮਾਣ ਸ਼ਾਮਲ ਹੈ।

77. ਮੇਰੀ ਸਰਕਾਰ ਨੇ ਟਰਾਂਸਪੋਰਟ ਵਿਭਾਗ ਵਿੱਚ 15 ਸਾਲ ਤੋਂ ਵੱਧ ਪੁਰਾਣੇ ਵਾਹਨਾਂ ਨੂੰ ਸਕ੍ਰੈਪ ਕਰਨ ਲਈ ਪੰਜ ਰਜਿਸਟਰਡ ਵਾਹਨ ਸਕ੍ਰੈਪਿੰਗ ਸਹੂਲਤਾਂ (RVSF) ਸਥਾਪਤ ਕੀਤੀਆਂ ਹਨ। ਇਸ ਨਾਲ ਪੁਰਾਣੇ ਵਾਹਨਾਂ ਕਾਰਨ ਹੋਣ ਵਾਲਾ ਪ੍ਰਦੂਸ਼ਣ ਘੱਟ ਜਾਵੇਗਾ ਅਤੇ ਅਯੋਗ ਵਾਹਨਾਂ ਨੂੰ ਸੜਕਾਂ ਤੋਂ ਹਟਾ ਦਿੱਤਾ ਜਾਵੇਗਾ। ਸਾਲ 2025 (ਅਪ੍ਰੈਲ ਤੋਂ ਨਵੰਬਰ) ਦੌਰਾਨ ਇਸ ਨੀਤੀ ਤਹਿਤ ਕੁੱਲ 4,352 ਵਾਹਨ (3,946 ਨਿੱਜੀ ਵਾਹਨ ਅਤੇ 406 ਸਰਕਾਰੀ ਵਾਹਨ) ਸਕ੍ਰੈਪ ਕੀਤੇ ਗਏ ਸਨ।

78. ਜਨਤਕ ਆਵਾਜਾਈ ਨੂੰ ਮਜ਼ਬੂਤ ਅਤੇ ਬਿਹਤਰ ਬਣਾਉਣ, ਛੋਟੇ ਪਿੰਡਾਂ ਨੂੰ ਨਜ਼ਦੀਕੀ ਕਸਬਿਆਂ ਨਾਲ ਜੋੜਨ ਅਤੇ ਸੂਬੇ ਦੇ ਨੌਜਵਾਨਾਂ ਨੂੰ ਸਸ਼ਕਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਪੁਟਦਿਆਂ ਪੰਜਾਬ ਸਰਕਾਰ ਨੇ "ਰੁਜ਼ਗਾਰ ਕ੍ਰਾਂਤੀ" ਦੇ ਬੈਨਰ ਹੇਠ 2022 ਤੋਂ ਲੈ ਕੇ ਹੁਣ ਤੱਕ ਪੰਜਾਬ ਭਰ ਵਿੱਚ ਕੁੱਲ 1,165 ਮਿੰਨੀ ਬੱਸ (ਸਮਾਲ ਸਟੇਜ ਕੈਰੇਜ) ਪਰਮਿਟ ਜਾਰੀ ਕਰਕੇ ਇੱਕ ਇਤਿਹਾਸਕ ਅਤੇ ਨਿਰੰਤਰ ਪਹਿਲਕਦਮੀ ਕੀਤੀ ਹੈ। ਇਸ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਮਿਤੀ 19.12.2025 ਨੂੰ ਰਾਜ ਪੱਧਰੀ ਸਮਾਗਮ ਵਿੱਚ 505 ਪਰਮਿਟ ਵੰਡੇ ਗਏ। ਇਹ ਪ੍ਰਗਤੀਸ਼ੀਲ ਪਹਿਲਕਦਮੀ ਇੱਕ ਨਿਰੰਤਰ ਪ੍ਰਕਿਰਿਆ ਹੈ ਜਿਸਦਾ ਉਦੇਸ਼ ਖਾਸ ਤੌਰ 'ਤੇ ਪੇਂਡੂ, ਅਰਧ-ਸ਼ਹਿਰੀ ਅਤੇ ਘੱਟ ਸੇਵਾ ਵਾਲੇ ਖੇਤਰਾਂ ਵਿੱਚ ਪਹੁੰਚਯੋਗ, ਕਿਫਾਇਤੀ ਅਤੇ ਕੁਸ਼ਲ ਆਵਾਜਾਈ ਸੇਵਾਵਾਂ ਦਾ ਵਿਸਤਾਰ ਕਰਨਾ ਹੈ। ਆਖਰੀ-ਮੀਲ ਕਨੈਕਟੀਵਿਟੀ ਵਿੱਚ ਸੁਧਾਰ ਕਰਕੇ ਅਤੇ ਪਿੰਡਾਂ ਤੋਂ ਕਸਬਿਆਂ ਤੱਕ ਯਾਤਰੀਆਂ ਦੀ ਸੁਚਾਰੂ ਆਵਾਜਾਈ ਨੂੰ ਸੁਖਾਲਾ

ਬਣਾ ਕੇ ਇਸ ਸਕੀਮ ਨੇ ਲੋਕਾਂ ਦੀ ਸਹੂਲਤ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਇਸ ਨੇ ਬੇਰੋਜ਼ਗਾਰ ਨੌਜਵਾਨਾਂ ਨੂੰ ਸਥਾਈ ਸਵੈ-ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਕੇ ਉਨ੍ਹਾਂ ਨੂੰ ਆਤਮ-ਨਿਰਭਰ ਬਣਨ ਅਤੇ ਸੂਬੇ ਦੇ ਆਰਥਿਕ ਵਿਕਾਸ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਵਿੱਚ ਮਦਦ ਕਰਕੇ ਇੱਕ ਸਾਰਥਕ "ਰੁਜ਼ਗਾਰ ਕ੍ਰਾਂਤੀ" ਲਿਆਂਦੀ ਹੈ।

79. ਮੇਰੀ ਸਰਕਾਰ ਦੇ ਅਧੀਨ ਟਰਾਂਸਪੋਰਟ ਵਿਭਾਗ ਨੇ ਡਰਾਈਵਿੰਗ ਲਾਇਸੈਂਸ ਅਤੇ ਵਾਹਨ ਰਜਿਸਟ੍ਰੇਸ਼ਨ ਨਾਲ ਸਬੰਧਤ 56 ਕਿਸਮਾਂ ਦੀਆਂ ਸਮਾਰਟ ਸੇਵਾਵਾਂ ਸੇਵਾ ਕੇਂਦਰਾਂ ਦੇ ਨਾਲ-ਨਾਲ ਅਧਿਕਾਰਤ ਪੋਰਟਲ www.parivahan.gov.in ਅਤੇ www.punjabtransport.org ਰਾਹੀਂ ਜਨਤਾ ਲਈ ਉਪਲੱਬਧ ਕਰਵਾਈਆਂ ਹਨ। ਵਿੱਤੀ ਸਾਲ 2024-25 ਦੌਰਾਨ ਰਾਜ ਟਰਾਂਸਪੋਰਟ ਕਮਿਸ਼ਨਰ ਦਫ਼ਤਰ ਦੀਆਂ ਪ੍ਰਾਪਤੀਆਂ ਵਿੱਚ 488.67 ਕਰੋੜ ਰੁਪਏ ਦਾ ਵਾਧਾ ਹੋਇਆ, ਜਿਸ ਨਾਲ ਵਿਭਾਗ ਦਾ ਕੁੱਲ ਮਾਲੀਆ 3,426.25 ਕਰੋੜ ਰੁਪਏ ਹੋ ਗਿਆ ਜੋ ਕਿ ਪਿਛਲੇ ਸਾਲ ਨਾਲੋਂ 16.63% ਵਾਧਾ ਦਰਸਾਉਂਦਾ ਹੈ। ਵਿੱਤੀ ਸਾਲ 2025-26 ਦੌਰਾਨ ਅਪ੍ਰੈਲ ਤੋਂ ਅਕਤੂਬਰ 2025 ਤੱਕ ਵਿਭਾਗ ਨੇ 2,228.82 ਕਰੋੜ ਰੁਪਏ ਦੀਆਂ ਪ੍ਰਾਪਤੀਆਂ ਕੀਤੀਆਂ।

80. ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦੇ ਹੋਏ ਬਹੁਤ ਤਸੱਲੀ ਹੋ ਰਹੀ ਹੈ ਕਿ ਮੇਰੀ ਸਰਕਾਰ ਨੇ ਅਕਤੂਬਰ-ਨਵੰਬਰ, 2025 ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਬਹੁਤ ਹੀ ਸ਼ਰਧਾ ਨਾਲ ਮਨਾਇਆ ਹੈ। ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਨਗਰ ਕੀਰਤਨ ਕੱਢੇ ਗਏ ਜੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੁਆਰਾ ਸਥਾਪਿਤ ਕੀਤੇ ਗਏ ਸ਼ਹਿਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਏ। ਸ੍ਰੀ ਆਨੰਦਪੁਰ ਸਾਹਿਬ ਵਿਖੇ ਇੱਕ ਵਿਸ਼ੇਸ਼ ਤਿੰਨ ਦਿਨਾਂ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਖੇਤਰਾਂ ਦੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਇੱਕ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਮਿਤੀ 24.11.2025 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ ਜਿਸ ਵਿੱਚ ਇਸ ਅਜ਼ੀਮ ਸਦਨ ਦੇ ਮੈਂਬਰਾਂ ਨੇ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕੀਤੀ।

81. ਮੇਰੀ ਸਰਕਾਰ ਦੇ ਅਧੀਨ ਆਦਮਪੁਰ ਵਿਖੇ 140 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਨਵਾਂ ਹਵਾਈ ਟਰਮੀਨਲ ਮੁਕੰਮਲ ਹੋਇਆ ਹੈ।

82. ਮੇਰੀ ਸਰਕਾਰ ਦੇ ਅਧੀਨ ਭਾਰਤੀ ਹਵਾਈ ਸੈਨਾ ਸਟੇਸ਼ਨ ਹਲਵਾਰਾ (ਲੁਧਿਆਣਾ) ਵਿਖੇ ਇੱਕ ਅੰਤਰਰਾਸ਼ਟਰੀ ਹਵਾਈ ਅੱਡਾ ਬਣਾਉਣ ਦੀ ਇਜਾਜ਼ਤ ਪ੍ਰਾਪਤ ਕਰਨ ਤੋਂ ਬਾਅਦ ਇਸ ਹਵਾਈ ਅੱਡੇ ਦੇ ਨਿਰਮਾਣ ਲਈ 161 ਏਕੜ ਜ਼ਮੀਨ ਦਾ ਹਾਸਲ ਕੀਤੀ, ਜਿਸ ਵਿੱਚੋਂ 135.54 ਏਕੜ ਜ਼ਮੀਨ 'ਤੇ ਹਵਾਈ ਅੱਡਾ ਬਣਾਇਆ ਜਾਣਾ ਹੈ। ਪੰਜਾਬ ਸਰਕਾਰ ਨੇ ਇਸ ਹਵਾਈ ਅੱਡੇ ਤੋਂ ਜਲਦੀ ਹੀ ਉਡਾਣਾਂ ਸ਼ੁਰੂ ਕਰਨ ਲਈ ਅੰਤਰਿਮ ਟਰਮੀਨਲ ਇਮਾਰਤ ਨੂੰ ਪੂਰਾ ਕਰਨ ਅਤੇ ਢੁਕਵੇਂ ਸੜਕੀ ਸੰਪਰਕ ਲਈ 50 ਕਰੋੜ ਰੁਪਏ ਜਾਰੀ ਕੀਤੇ ਹਨ। ਪੰਜਾਬ ਵਿਧਾਨ ਸਭਾ ਨੇ ਇਸ ਹਵਾਈ ਅੱਡੇ ਦਾ ਨਾਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ 'ਤੇ ਰੱਖਣ ਦਾ ਮਤਾ ਪਾਸ ਕੀਤਾ।

83. ਸਾਲ 2022 ਦੀ ਸ਼ੁਰੂਆਤ ਵਿੱਚ ਰਾਜ ਦੀਆਂ 15 ਸੜਕਾਂ 'ਤੇ 23 ਟੋਲ ਪਲਾਜੇ ਸਨ। ਮਿਤੀ 03-03-2026 ਤੱਕ ਰਾਜ ਵਿੱਚ 13 ਸੜਕਾਂ 'ਤੇ ਸਥਿਤ ਕੁੱਲ 21 ਟੋਲ ਪਲਾਜੇ ਬੰਦ ਕੀਤੇ ਜਾ ਚੁੱਕੇ ਹਨ ਜਿਸ ਨਾਲ ਮੁਸਾਫ਼ਰਾਂ ਨੂੰ ਰੋਜ਼ਾਨਾ 67.77 ਲੱਖ ਰੁਪਏ ਦੀ ਬਚਤ ਹੋ ਰਹੀ ਹੈ। ਉਪਰੋਕਤ ਟੋਲ ਪਲਾਜ਼ਿਆਂ ਦੇ ਬੰਦ ਹੋਣ ਨਾਲ ਰੋਜ਼ਾਨਾ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ, ਖਾਸ ਕਰਕੇ ਕੀਰਤਪੁਰ ਸਾਹਿਬ-ਨੰਗਲ-ਊਨਾ, ਲੁਧਿਆਣਾ-ਮਲੇਰਕੋਟਲਾ-ਸੰਗਰੂਰ ਅਤੇ ਪਟਿਆਲਾ-ਸਮਾਣਾ-ਪਾਤੜਾਂ ਵਰਗੇ ਵੱਧ ਆਵਾਜਾਈ ਵਾਲੇ ਮਾਰਗਾਂ 'ਤੇ ਯਾਤਰਾ ਦੇ ਖਰਚਿਆਂ ਵਿੱਚ ਸਿੱਧੀ ਬਚਤ ਰਾਹੀਂ ਭਾਰੀ ਲਾਭ ਹੋਣ ਦੀ ਉਮੀਦ ਹੈ। ਸਥਾਨਕ ਨਿਯਮਤ ਉਪਭੋਗਤਾਵਾਂ, ਵਪਾਰਕ ਵਾਹਨਾਂ ਅਤੇ ਟਰਾਂਸਪੋਰਟ ਆਪਰੇਟਰਾਂ ਦੇ ਆਵਾਜਾਈ ਖਰਚਿਆਂ ਵਿੱਚ ਕਮੀ ਆਈ ਹੈ, ਜਿਸ ਨਾਲ ਢੋਆ-ਢੁਆਈ (ਲੌਜਿਸਟਿਕਸ) ਦੀ ਲਾਗਤ ਘਟੀ ਹੈ ਅਤੇ ਆਵਾਜਾਈ ਵਿੱਚ ਸੁਧਾਰ ਹੋਇਆ ਹੈ।

84. ਮੇਰੀ ਸਰਕਾਰ ਦੇ ਅਧੀਨ ਨਾਬਾਰਡ (NABARD) ਫੰਡਾਂ ਦੀ ਵਰਤੋਂ ਕਰਦਿਆਂ, ਵਿੱਤੀ ਸਾਲ 2025-26 ਦੌਰਾਨ 94 ਕਰੋੜ ਰੁਪਏ ਦੀ ਲਾਗਤ ਨਾਲ 100 ਕਿਲੋਮੀਟਰ ਲੰਬੀ ਸੜਕ ਅਤੇ

10 ਪੁਲ ਮੁਕੰਮਲ ਕਰਨ ਦਾ ਪ੍ਰਸਤਾਵ ਹੈ। ਇਸ ਵਿੱਚੋਂ ਹੁਣ ਤੱਕ 52.32 ਕਿਲੋਮੀਟਰ ਸੜਕ ਅਤੇ 8 ਪੁਲ ਮੁਕੰਮਲ ਕੀਤੇ ਜਾ ਚੁੱਕੇ ਹਨ ਜਿਸ 'ਤੇ 63.95 ਕਰੋੜ ਰੁਪਏ ਖਰਚ ਕੀਤੇ ਗਏ ਹਨ।

85. 5054 RB-10 ਸੜਕ ਯੋਜਨਾ ਦੇ ਤਹਿਤ ਵਿੱਤੀ ਸਾਲ 2025-26 ਦੌਰਾਨ 2905 ਕਰੋੜ ਰੁਪਏ ਦੀ ਲਾਗਤ ਨਾਲ 3,545 ਕਿਲੋਮੀਟਰ ਯੋਜਨਾ ਸੜਕਾਂ ਦੇ ਨਵੀਨੀਕਰਨ ਲਈ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 1470 ਕਿਲੋਮੀਟਰ ਸੜਕਾਂ 'ਤੇ 1200 ਕਰੋੜ ਰੁਪਏ ਖਰਚ ਕਰਨ ਦੀ ਯੋਜਨਾ ਬਣਾਈ ਗਈ ਸੀ, ਜਿਸ ਵਿੱਚੋਂ 720 ਕਿਲੋਮੀਟਰ ਸੜਕਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ 423.49 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਵਿੱਤੀ ਸਾਲ 2025-26 ਦੌਰਾਨ ਨਿਰਮਾਣ ਅਧੀਨ 35 ਪੁਲਾਂ 'ਤੇ 70 ਕਰੋੜ ਰੁਪਏ ਖਰਚ ਕਰਨ ਦੀ ਯੋਜਨਾ ਸੀ, ਜਿਨ੍ਹਾਂ ਵਿੱਚੋਂ 4 ਪੁਲ ਮੁਕੰਮਲ ਹੋ ਚੁੱਕੇ ਹਨ। ਇਨ੍ਹਾਂ ਪ੍ਰੋਜੈਕਟਾਂ 'ਤੇ ਹੁਣ ਤੱਕ 56 ਕਰੋੜ ਰੁਪਏ ਖਰਚ ਕੀਤੇ ਗਏ ਹਨ।

86. ਵਿੱਤੀ ਸਾਲ 2025-26 ਦੌਰਾਨ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (PMGSY-III) ਅਧੀਨ 229.80 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 500 ਕਿਲੋਮੀਟਰ ਸੜਕਾਂ ਬਣਾਉਣ ਦਾ ਪ੍ਰਸਤਾਵ ਸੀ, ਜਿਸ ਵਿੱਚੋਂ 356 ਕਿਲੋਮੀਟਰ ਸੜਕਾਂ ਅਤੇ 8 ਪੁਲ ਮੁਕੰਮਲ ਹੋ ਚੁੱਕੇ ਹਨ ਅਤੇ 131 ਕਰੋੜ ਰੁਪਏ ਖਰਚ ਕੀਤੇ ਗਏ ਹਨ। ਵਿੱਤੀ ਸਾਲ 2025-26 ਦੌਰਾਨ CRIF ਯੋਜਨਾ ਅਧੀਨ 110 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 95 ਕਿਲੋਮੀਟਰ ਸੜਕਾਂ ਬਣਾਉਣ ਦਾ ਟੀਚਾ ਸੀ, ਜਿਸ ਵਿੱਚੋਂ 40 ਕਿਲੋਮੀਟਰ ਸੜਕਾਂ ਦਾ ਨਵੀਨੀਕਰਨ ਹੋ ਚੁੱਕਾ ਹੈ ਅਤੇ 3 ਪੁਲਾਂ ਦਾ ਕਾਰਜ ਪ੍ਰਗਤੀ ਅਧੀਨ ਹੈ, ਜਿਸ 'ਤੇ ਹੁਣ ਤੱਕ 78.79 ਕਰੋੜ ਰੁਪਏ ਖਰਚ ਕੀਤੇ ਗਏ ਹਨ। ਵਿੱਤੀ ਸਾਲ 2025-26 ਦੌਰਾਨ ਰਾਸ਼ਟਰੀ ਰਾਜਮਾਰਗ (ਮੂਲ ਕਾਰਜ) ਅਧੀਨ 33.55 ਕਿਲੋਮੀਟਰ ਸੜਕ ਦੀ ਲੰਬਾਈ ਨੂੰ ਅਪਗ੍ਰੇਡ ਕੀਤਾ ਗਿਆ ਹੈ, ਜਿਸ 'ਤੇ 374.95 ਕਰੋੜ ਰੁਪਏ ਖਰਚ ਕੀਤੇ ਗਏ ਹਨ। ਵਿੱਤੀ ਸਾਲ 2025-26 ਦੌਰਾਨ 1784 ਕਿਲੋਮੀਟਰ ਪੇਂਡੂ ਸੜਕਾਂ 'ਤੇ 492 ਕਰੋੜ ਰੁਪਏ ਖਰਚ ਕਰਨ ਦੀ ਯੋਜਨਾ ਸੀ, ਜਿਸ ਵਿੱਚੋਂ ਹੁਣ

ਤੱਕ 140 ਕਿਲੋਮੀਟਰ ਦਾ ਕਾਰਜ ਪੂਰਾ ਹੋ ਗਿਆ ਹੈ ਅਤੇ 18.33 ਕਰੋੜ ਰੁਪਏ ਖਰਚ ਕੀਤੇ ਗਏ ਹਨ।

87. ਮੇਰੀ ਸਰਕਾਰ ਸਰਕਾਰੀ ਕਰਮਚਾਰੀਆਂ ਅਤੇ ਅਧਿਕਾਰੀਆਂ ਵਿੱਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਤੱਤਪਰ ਹੈ ਅਤੇ ਇਸ ਸਬੰਧ ਵਿੱਚ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਗਈ ਹੈ। ਮਿਤੀ 01.01.2025 ਤੋਂ 31.01.2026 ਤੱਕ ਦੀ ਮਿਆਦ ਦੌਰਾਨ ਵਿਜੀਲੈਂਸ ਬਿਊਰੋ, ਪੰਜਾਬ ਦੁਆਰਾ ਚਲਾਈ ਗਈ ਸਬੰਧਤ ਮੁਹਿੰਮ ਦੇ ਨਤੀਜੇ ਵਜੋਂ 20 ਗਜ਼ਟਿਡ ਅਧਿਕਾਰੀਆਂ, 134 ਗੈਰ-ਗਜ਼ਟਿਡ ਅਧਿਕਾਰੀਆਂ ਅਤੇ 44 ਪ੍ਰਾਈਵੇਟ ਵਿਅਕਤੀਆਂ ਵਿਰੁੱਧ 135 ਟ੍ਰੈਪ ਕੇਸ ਦਰਜ ਕੀਤੇ ਗਏ ਸਨ, ਜਿਨ੍ਹਾਂ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜਿਆ ਗਿਆ ਸੀ। ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਵਿਜੀਲੈਂਸ ਬਿਊਰੋ, ਪੰਜਾਬ ਨੇ ਮਿਤੀ 23.03.2022 ਨੂੰ ਇੱਕ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਨੰਬਰ 9501200200 ਸਥਾਪਤ ਕੀਤਾ। ਇਸ ਨੰਬਰ 'ਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੇ ਆਧਾਰ 'ਤੇ 63 ਕੇਸ ਦਰਜ ਕੀਤੇ ਗਏ ਹਨ।

88. ਮੇਰੀ ਸਰਕਾਰ ਨੇ ਉਨ੍ਹਾਂ ਪਲਾਟ ਧਾਰਕਾਂ ਨੂੰ ਇੱਕ ਮੌਕਾ ਦਿੰਦੇ ਹੋਏ ਜੋ ਆਪਣੀਆਂ ਬਕਾਇਆ ਕਿਸ਼ਤਾਂ ਜਮ੍ਹਾ ਨਹੀਂ ਕਰਵਾ ਸਕੇ ਜਾਂ ਨਿਰਧਾਰਤ ਸਮੇਂ ਦੇ ਅੰਦਰ ਉਸਾਰੀ ਪੂਰੀ ਨਹੀਂ ਕਰ ਸਕੇ ਜਾਂ ਗੈਰ-ਨਿਰਮਾਣ ਫੀਸ ਜਮ੍ਹਾ ਨਹੀਂ ਕਰਵਾ ਸਕੇ, ਉਨ੍ਹਾਂ ਲਈ ਐਮਨੇਸਟੀ ਯੋਜਨਾ ਸ਼ੁਰੂ ਕੀਤੀ ਹੈ। ਇਹ ਯੋਜਨਾ ਜੋ ਮਿਤੀ 30.06.2025 ਨੂੰ ਸਮਾਪਤ ਹੋਈ ਸੀ, ਹੁਣ ਮਿਤੀ 31.03.2026 ਤੱਕ ਵਧਾ ਦਿੱਤੀ ਗਈ ਹੈ ਤਾਂ ਜੋ ਪਲਾਟ ਧਾਰਕਾਂ ਨੂੰ ਲਾਭ ਲੈਣ ਦਾ ਇੱਕ ਹੋਰ ਮੌਕਾ ਦਿੱਤਾ ਜਾ ਸਕੇ। ਪ੍ਰਾਈਵੇਟ ਪ੍ਰੋਜੈਕਟਾਂ ਦੇ ਅਲਾਟੀਆਂ ਨੂੰ ਜਾਇਦਾਦਾਂ ਦੀ ਸਮੇਂ ਸਿਰ ਸਪੁਰਦਗੀ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਪ੍ਰਮੋਟਰਾਂ ਦੁਆਰਾ ਪ੍ਰੋਜੈਕਟਾਂ ਦੇ ਡਿਫਾਲਟ ਨੂੰ ਰੋਕਣ ਲਈ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ ਵਿੱਚ ਸੋਧ ਕੀਤੀ ਗਈ ਹੈ। ਸੋਧੇ ਹੋਏ ਉਪਬੰਧਾਂ ਦੇ ਅਨੁਸਾਰ ਭੂਮੀ ਵਰਤੋਂ ਵਿੱਚ ਤਬਦੀਲੀ (ਸੀ.ਐੱਲ.ਯੂ.) ਦੀ ਮੰਗ ਕਰਨ ਵਾਲੇ ਪ੍ਰਮੋਟਰ ਨੂੰ ਕੰਪਨੀ ਦੇ ਹੱਕ ਵਿੱਚ ਪ੍ਰੋਜੈਕਟ ਦਾ ਪੂਰਾ ਸਿਰਲੇਖ (100% ਮਾਲਕੀ) ਪੇਸ਼ ਕਰਨਾ ਲਾਜ਼ਮੀ ਹੋਵੇਗਾ। ਇਸ ਸੋਧ ਨਾਲ ਪ੍ਰਮੋਟਰ ਅਤੇ ਜ਼ਮੀਨ ਮਾਲਕਾਂ ਵਿਚਕਾਰ ਪੈਦਾ ਹੋਣ ਵਾਲੇ

ਜ਼ਮੀਨੀ ਵਿਵਾਦਾਂ ਨੂੰ ਵੀ ਘਟਾਇਆ ਜਾਵੇਗਾ, ਜਿਨ੍ਹਾਂ ਦੀ ਜ਼ਮੀਨ ਪ੍ਰਮੋਟਰ ਦੁਆਰਾ ਪ੍ਰੋਜੈਕਟ ਵਿਕਸਤ ਕਰਨ ਲਈ ਲੋੜੀਂਦੀ ਹੈ। ਜਨਤਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੀ ਸਹੂਲਤ ਲਈ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ ਅਧੀਨ ਲਾਇਸੰਸਸ਼ੁਦਾ ਮੈਗਾ ਪ੍ਰੋਜੈਕਟਾਂ ਅਤੇ ਪ੍ਰੋਜੈਕਟਾਂ ਨੂੰ ਮਿਤੀ 31.12.2025 ਤੱਕ ਪੂਰਾ ਕਰਨ ਲਈ ਵਾਧਾ ਦਿੱਤਾ ਗਿਆ ਸੀ। ਪ੍ਰਮੋਟਰਾਂ ਨੂੰ ਹੋਰ ਰਾਹਤ ਦਿੰਦੇ ਹੋਏ ਅਜਿਹੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਮਿਤੀ 31.12.2025 ਤੋਂ ਵੱਧ ਤੋਂ ਵੱਧ ਪੰਜ ਸਾਲਾਂ ਦੀ ਮਿਆਦ ਲਈ ਇੱਕ ਵਾਰ ਦਾ ਵਾਧਾ ਦਿੱਤਾ ਗਿਆ ਹੈ।

89. ਮੇਰੀ ਸਰਕਾਰ ਦੇ ਅਧੀਨ ਜੀ.ਐੱਸ.ਟੀ. ਇਕੱਤਰ ਕਰਨ ਵਿੱਚ ਤੇਜ਼ੀ ਨਾਲ ਵਾਧਾ ਜਾਰੀ ਹੈ। ਅਪ੍ਰੈਲ-ਅਕਤੂਬਰ 2025-26 ਦੌਰਾਨ ਰਾਜ ਨੇ 15,494.03 ਕਰੋੜ ਰੁਪਏ ਇਕੱਠੇ ਕੀਤੇ ਜਦੋਂ ਕਿ ਪਿਛਲੇ ਸਾਲ ਦੀ ਇਸੇ ਮਿਆਦ ਦੌਰਾਨ 13,550.62 ਕਰੋੜ ਰੁਪਏ ਇਕੱਠੇ ਕੀਤੇ ਗਏ ਸਨ ਜਿਸ ਵਿੱਚ 1,943.41 ਕਰੋੜ ਰੁਪਏ ਜਾਂ 14.34% ਦਾ ਚੰਗਾ ਵਾਧਾ ਦਰਜ ਕੀਤਾ ਗਿਆ। ਵਪਾਰਕ ਭਾਈਚਾਰੇ ਨੂੰ ਲੰਬੇ ਸਮੇਂ ਤੋਂ ਲਟਕ ਰਹੀ ਰਾਹਤ ਪ੍ਰਦਾਨ ਕਰਨ ਅਤੇ ਪੁਰਾਣੀ ਮੁਕੱਦਮੇਬਾਜ਼ੀ ਨੂੰ ਖਤਮ ਕਰਨ ਲਈ ਮੇਰੀ ਸਰਕਾਰ ਨੇ 1 ਅਕਤੂਬਰ 2025 ਤੋਂ ਲਾਗੂ ਹੋਣ ਵਾਲੀ ਯਕਮੁਸ਼ਤ ਨਿਪਟਾਰਾ ਯੋਜਨਾ-2025 ਨੂੰ ਅਧਿਸੂਚਿਤ ਕੀਤਾ।

90. ਆਬਕਾਰੀ ਅਤੇ ਕਰ ਵਿਭਾਗ ਵਿੱਚ ਟੈਕਸ ਇੰਟੈਲੀਜੈਂਸ ਯੂਨਿਟ (TIU) ਅਤੇ ਬਿੱਗ ਡੇਟਾ ਐਨਾਲਿਟਿਕਸ ਟੂਲ ਦੁਆਰਾ ਤਿਆਰ ਕੀਤੀਆਂ ਰਿਪੋਰਟਾਂ ਦੇ ਆਧਾਰ 'ਤੇ 333.43 ਕਰੋੜ ਰੁਪਏ ਦਾ ਟੈਕਸ ਅਤੇ ਜੁਰਮਾਨਾ ਕੀਤਾ ਗਿਆ ਹੈ। ਇਹ ਟੂਲ GSTR-3B ਡਿਫਾਲਟਰਾਂ (ਟੈਕਸ ਨਾ ਭਰਨ ਵਾਲਿਆਂ) ਦੀ ਨਿਗਰਾਨੀ ਕਰਨ ਲਈ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ। ਲਗਾਤਾਰ ਫਾਲੋ-ਅੱਪ ਦੇ ਕਾਰਨ ਡਿਫਾਲਟਰਾਂ ਦੁਆਰਾ ਹੁਣ ਤੱਕ 2,009.19 ਕਰੋੜ ਰੁਪਏ ਨਕਦ ਜਮ੍ਹਾਂ ਕਰਵਾਏ ਗਏ ਹਨ। ਆਬਕਾਰੀ ਅਤੇ ਕਰ ਵਿਭਾਗ ਦੇ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟ (SIPU)/ਮੋਬਾਈਲ ਵਿੰਗ ਦੁਆਰਾ ਸਾਲ 2025-26 ਦੌਰਾਨ ਅਪ੍ਰੈਲ ਤੋਂ ਅਕਤੂਬਰ 2025 ਤੱਕ ਕੁੱਲ 298.51 ਕਰੋੜ ਰੁਪਏ (ਇਸ ਵਿੱਚੋਂ 98.14 ਕਰੋੜ ਰੁਪਏ

ਵਾਹਨਾਂ ਦੀ ਚੈਕਿੰਗ ਅਤੇ 200.37 ਕਰੋੜ ਰੁਪਏ ਨਿਰੀਖਣਾਂ/ਇੰਸਪੈਕਸ਼ਨਾਂ ਰਾਹੀਂ ਵਸੂਲੇ ਗਏ) ਦਾ ਜੁਰਮਾਨਾ ਕੀਤਾ ਗਿਆ।

91. ਮੇਰੀ ਸਰਕਾਰ ਦੇ ਅਧੀਨ ਐੱਨ.ਆਰ.ਆਈ. ਵਿਭਾਗ ਨੇ ਵਿਦੇਸ਼ੀ ਦੂਤਾਵਾਸਾਂ ਦੁਆਰਾ ਲੋੜੀਂਦੇ ਦਸਤਾਵੇਜ਼ਾਂ ਨੂੰ ਈ-ਸਨਦ ਪੋਰਟਲ ਰਾਹੀਂ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੁਆਰਾ ਆਨਲਾਈਨ ਕਾਊਂਟਰਸਾਈਨ/ਤਸਦੀਕ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਮਿਤੀ 01.06.2024 ਤੋਂ ਲੈ ਕੇ ਅੱਜ ਤੱਕ ਇਸ ਪੋਰਟਲ ਅਧੀਨ ਕਾਊਂਟਰਸਾਈਨ ਕੀਤੇ ਗਏ ਦਸਤਾਵੇਜ਼ਾਂ ਦੀ ਕੁੱਲ ਗਿਣਤੀ 55,397 ਹੈ।

92. ਰਾਜ ਦੇ ਸਾਰੇ ਖੇਤਰਾਂ ਵਿੱਚ ਬਰਾਬਰ ਅਤੇ ਸੰਤੁਲਿਤ ਵਿਕਾਸ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸਰਕਾਰ ਵੱਲੋਂ ਸਾਲ 2025-26 ਦੌਰਾਨ 'ਰੰਗਲਾ ਪੰਜਾਬ ਵਿਕਾਸ ਯੋਜਨਾ' ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਅਧੀਨ ਰਾਜ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਸਥਾਨਕ ਬੁਨਿਆਦੀ ਢਾਂਚੇ ਤੇ ਜਨਤਕ ਸੰਪਤੀਆਂ ਦੀ ਸਿਰਜਣਾ ਅਤੇ ਅੱਪਗ੍ਰੇਡ ਕਰਨ ਲਈ ਉਪਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜ਼ਮੀਨੀ ਪੱਧਰ 'ਤੇ ਵਿਕਾਸ ਸਬੰਧੀ ਬੁਨਿਆਦੀ ਢਾਂਚੇ ਦੀਆਂ ਲੋੜਾਂ ਦੀ ਪੂਰਤੀ 'ਪੰਜਾਬ ਨਿਰਮਾਣ ਪ੍ਰੋਗਰਾਮ' ਅਤੇ ਮੁੱਖ ਮੰਤਰੀ/ਵਿੱਤ ਮੰਤਰੀ ਦੇ ਬੰਧਨ-ਮੁਕਤ ਫੰਡਾਂ ਜਿਹੀਆਂ ਯੋਜਨਾਵਾਂ ਰਾਹੀਂ ਕੀਤੀ ਜਾ ਰਹੀ ਹੈ।

93. ਮੇਰੀ ਸਰਕਾਰ ਨੇ ਪੰਜਾਬ ਦੇ ਆਜ਼ਾਦੀ ਘੁਲਾਟੀਆਂ/ਉਨ੍ਹਾਂ ਦੀਆਂ ਵਿਧਵਾਵਾਂ/ਅਣਵਿਆਹੀਆਂ ਅਤੇ ਬੇਰੁਜ਼ਗਾਰ ਧੀਆਂ ਅਤੇ ਪੁੱਤਰਾਂ ਦੀ ਪੈਨਸ਼ਨ 9400/- ਰੁਪਏ ਤੋਂ ਵਧਾ ਕੇ 11000/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ।

94. ਸੁਚੱਜਾ ਪ੍ਰਸ਼ਾਸ਼ਨ ਅਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਅਧੀਨ ਸਟੇਟ ਪੈਂਡੈਂਸੀ ਡੈਸ਼ਬੋਰਡ ਨੇ ਸਾਰੇ ਵਿਭਾਗਾਂ ਵਿੱਚ ਅਸਲ-ਸਮੇਂ ਦੀ ਨਿਗਰਾਨੀ ਨੂੰ ਸਮਰੱਥ ਬਣਾਇਆ ਜਿਸ ਨੇ ਇੱਕ ਸਾਲ ਦੇ ਅੰਦਰ ਪੈਂਡੈਂਸੀ ਨੂੰ 14% ਤੋਂ ਘਟਾ ਕੇ ਸਿਰਫ 0.33% ਕਰ ਦਿੱਤਾ, ਜਿਸ ਨਾਲ ਨਾਗਰਿਕਾਂ ਦੀਆਂ ਅਰਜ਼ੀਆਂ ਦਾ ਤੇਜ਼ੀ ਨਾਲ ਨਿਪਟਾਰਾ ਯਕੀਨੀ ਬਣਾਇਆ ਗਿਆ।

95. ਮੇਰੇ ਰਾਜ ਨੇ ਭਾਰਤ ਦੀ ਪਹਿਲੀ ਸੰਪੂਰਨ ਡਿਜੀਟਲ ਹੜ੍ਹ ਰਾਹਤ ਪ੍ਰਣਾਲੀ ਜਾਰੀ ਕੀਤੀ, ਜਿਸ ਨਾਲ ਤੇਜ਼ ਸਰਵੇਖਣ ਅਤੇ ਮੁਆਵਜ਼ੇ ਦੇ ਸਿੱਧੇ ਆਨਲਾਈਨ ਟ੍ਰਾਂਸਫਰ ਨੂੰ ਸਮਰੱਥ ਬਣਾਇਆ ਗਿਆ। ਇਸ ਪ੍ਰਣਾਲੀ ਰਾਹੀਂ ਇਹ ਯਕੀਨੀ ਬਣਾਇਆ ਗਿਆ ਕਿ ਹਜ਼ਾਰਾਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਬਿਨਾਂ ਦੇਰੀ ਜਾਂ ਵਿਚੋਲਿਆਂ ਦੇ ਸਮੇਂ ਸਿਰ ਸਹਾਇਤਾ ਮਿਲੇ।

96. ਮੇਰੀ ਸਰਕਾਰ ਨੇ ਡਿਲੀਵਰੀ ਚੈਨਲਾਂ ਨੂੰ ਕੇਂਦਰੀਕ੍ਰਿਤ ਅਤੇ ਸਰਲ ਬਣਾ ਕੇ ਜ਼ਰੂਰੀ ਸੇਵਾਵਾਂ ਤੱਕ ਨਾਗਰਿਕਾਂ ਦੀ ਪਹੁੰਚ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। ਸਾਰੀਆਂ 56 ਟ੍ਰਾਂਸਪੋਰਟ ਸੇਵਾਵਾਂ ਨੂੰ ਵਿਸ਼ੇਸ਼ ਤੌਰ 'ਤੇ ਸੇਵਾ ਕੇਂਦਰਾਂ ਵਿੱਚ ਤਬਦੀਲ ਕਰ ਦਿੱਤਾ ਗਿਆ, ਆਰਟੀਏ/ਆਰਟੀਓ ਦਫ਼ਤਰਾਂ ਵਿੱਚ ਜਨਤਕ ਕਾਊਂਟਰਾਂ ਨੂੰ ਖਤਮ ਕਰ ਦਿੱਤਾ ਗਿਆ ਅਤੇ ਸੇਵਾ ਡਿਲੀਵਰੀ ਨੂੰ ਇਕਸਾਰ ਅਤੇ ਨਾਗਰਿਕ-ਅਨੁਕੂਲ ਬਣਾਇਆ ਗਿਆ। ਇਤਿਹਾਸਕ ਡੋਰਸਟੈਪ ਡਿਲੀਵਰੀ ਪ੍ਰੋਗਰਾਮ ਸਾਲ 2025 ਵਿੱਚ 43 ਸੇਵਾਵਾਂ ਤੋਂ 412 ਸੇਵਾਵਾਂ ਤੱਕ ਵਧ ਗਿਆ, ਜਿਸ ਨਾਲ ਨਿਵਾਸੀਆਂ ਨੂੰ ਸਰਕਾਰੀ ਸੇਵਾਵਾਂ ਦੀ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਪ੍ਰਾਪਤ ਹੋਈ।

97. ਮੇਰੀ ਸਰਕਾਰ ਦੇ ਤਹਿਤ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗੋਰਸੀਆਂ ਕਾਦਰ ਬਖ਼ਸ਼ ਵਿੱਚ 50 ਏਕੜ ਰਕਬੇ ’ਤੇ ਇੱਕ ਆਧੁਨਿਕ ਉੱਚ-ਸੁਰੱਖਿਆ ਜੇਲ੍ਹ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜਿਸ ਵਿੱਚ 300 ਉੱਚ-ਜੋਖ਼ਮ ਵਾਲੇ ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੋਵੇਗੀ। ਇਸ ਤੋਂ ਇਲਾਵਾ ਵਿਭਾਗ ਦਾ ਸਰਕਾਰੀ ਮੁੱਖ ਦਫ਼ਤਰ ਜੇਲ੍ਹ ਭਵਨ ਐੱਸ.ਏ.ਐੱਸ. ਨਗਰ ਵਿੱਚ ਇੱਕ ਏਕੜ ਜ਼ਮੀਨ ’ਤੇ ਤਿਆਰ ਕੀਤਾ ਜਾ ਰਿਹਾ ਹੈ। ਅਸੀਂ ਆਪਣੀਆਂ 11 ਕੇਂਦਰੀ ਜੇਲ੍ਹਾਂ ਵਿੱਚ ਆਈ.ਟੀ.ਆਈਜ਼. ਸਥਾਪਿਤ ਕੀਤੀਆਂ ਹਨ ਅਤੇ ਕੈਦੀਆਂ ਦੇ ਹੁਨਰ ਵਿਕਾਸ ਲਈ ਵੱਖ-ਵੱਖ ਹੁਨਰਾਂ ਵਿੱਚ ਲੰਬੀ ਮਿਆਦ ਦੇ (1–2 ਸਾਲ) ਅਤੇ ਘੱਟ ਮਿਆਦ ਦੇ (3–6 ਮਹੀਨੇ) ਸਿਖਲਾਈ ਕੋਰਸ ਸ਼ੁਰੂ ਕੀਤੇ ਹਨ।

98. ਮੇਰੀ ਸਰਕਾਰ ਦੇ ਅਧੀਨ 1 ਅਪ੍ਰੈਲ, 2024 ਤੋਂ 31 ਅਕਤੂਬਰ, 2025 ਤੱਕ ਪੰਜਾਬ ਕਿਰਤ ਭਲਾਈ ਬੋਰਡ ਰਾਹੀਂ 11063 ਲਾਭਪਾਤਰੀਆਂ (ਰਜਿਸਟਰਡ ਉਦਯੋਗਿਕ ਕਾਮਿਆਂ) ਨੂੰ 27.60 ਕਰੋੜ ਰੁਪਏ ਦੀ ਰਕਮ ਵੰਡੀ ਗਈ ਹੈ।

99. ਪੰਜਾਬ ਜੋ ਕਿ ਦੇਸ਼ ਦਾ ਅੰਨਦਾਤਾ ਹੈ, ਕੇਂਦਰੀ ਪੂਲ ਵਿੱਚ ਯੋਗਦਾਨ ਪਾਉਣ ਲਈ ਆਪਣੀਆਂ ਰਾਜ ਖਰੀਦ ਏਜੰਸੀਆਂ ਰਾਹੀਂ ਕਣਕ ਅਤੇ ਝੋਨੇ ਦੀ ਖਰੀਦ ਕਰਦਾ ਹੈ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਖਰੀਦ ਦੇ ਸਾਰੇ ਪ੍ਰਬੰਧਾਂ ਜਿਵੇਂ ਕਿ ਬਾਰਦਾਨੇ, ਸਟਾਕ ਵਸਤੂਆਂ, ਨਕਦ ਕ੍ਰੈਡਿਟ ਸੀਮਾ ਆਦਿ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਹਾਲ ਹੀ ਵਿੱਚ ਸਮਾਪਤ ਹੋਏ ਖਰੀਫ਼ ਮਾਰਕੀਟਿੰਗ ਸੀਜ਼ਨ (KMS) 2025-26 ਦੌਰਾਨ ਸਰਕਾਰੀ ਖਰੀਦ ਏਜੰਸੀਆਂ ਦੁਆਰਾ 156.11 ਲੱਖ ਮੀਟ੍ਰਿਕ ਟਨ ਝੋਨਾ ਖਰੀਦਿਆ ਗਿਆ ਹੈ, ਜਿਸ ਦੇ ਇਵਜ਼ ਵਿੱਚ 37,294.68 ਕਰੋੜ ਰੁਪਏ ਦੀ ਐੱਮ.ਐੱਸ.ਪੀ. ਸਿੱਧੇ ਤੌਰ ’ਤੇ ਲਗਭਗ 7.38 ਲੱਖ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ ਹੈ। ਪੰਜਾਬ ਰਾਜ ਵਿੱਚ ਹਾੜੀ ਮਾਰਕੀਟਿੰਗ ਸੀਜ਼ਨ 2025-26 ਮਿਤੀ 15-05-2025 ਨੂੰ ਸਫ਼ਲਤਾਪੂਰਵਕ ਪੂਰਾ ਹੋਇਆ, ਜਿਸ ਵਿੱਚ ਸਰਕਾਰੀ ਖਰੀਦ ਏਜੰਸੀਆਂ ਦੁਆਰਾ 116.17 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਅਤੇ 7.30 ਲੱਖ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ 28,171.23 ਕਰੋੜ ਰੁਪਏ ਦੀ ਐੱਮ.ਐੱਸ.ਪੀ. ਦੀ ਅਦਾਇਗੀ ਕੀਤੀ ਗਈ। ਰਾਜ ਵੱਲੋਂ 2025-26 ਦੌਰਾਨ ਕੇਂਦਰੀ ਪੂਲ ਵਿੱਚ 40% ਕਣਕ ਦਾ ਵੱਡਾ ਯੋਗਦਾਨ ਪਾਇਆ ਗਿਆ।

100. ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ, ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2023 ਤੋਂ ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ (NFSA) ਦੇ ਤਹਿਤ ਯੋਗ ਲਾਭਪਾਤਰੀਆਂ ਨੂੰ ਤਿਮਾਹੀ ਵੰਡ ਚੱਕਰ ਦੁਆਰਾ ਮੁਫ਼ਤ ਕਣਕ ਵੰਡ ਰਿਹਾ ਹੈ। ਵਿਭਾਗ ਕੋਲ ਇਸ ਵੇਲੇ ਲਗਭਗ 40 ਲੱਖ ਪਰਿਵਾਰ ਅਤੇ 1.52 ਕਰੋੜ ਰਜਿਸਟਰਡ ਲਾਭਪਾਤਰੀ ਇਸ ਯੋਜਨਾ ਦਾ ਲਾਭ ਲੈ ਰਹੇ ਹਨ।

101. ਮੇਰੀ ਸਰਕਾਰ ਨੇ ਨਵੇਂ ਸ਼ੁਰੂ ਕੀਤੇ "ਪੰਜਾਬ ਸਰਕਾਰ ਫੂਡ ਪ੍ਰੋਗਰਾਮ" ਤਹਿਤ ਸਾਰੇ ਯੋਗ ਪਰਿਵਾਰਾਂ (ਜੋ ਮੁਫ਼ਤ ਕਣਕ ਪ੍ਰਾਪਤ ਕਰ ਰਹੇ ਹਨ) ਨੂੰ ਹਰ ਤਿਮਾਹੀ ਵਿੱਚ 2 ਕਿਲੋ ਦਾਲ, 2 ਕਿਲੋ ਖੰਡ, 1 ਕਿਲੋ ਨਮਕ, 1 ਲੀਟਰ ਤੇਲ ਅਤੇ 200 ਗ੍ਰਾਮ ਹਲਦੀ ਮੁਫ਼ਤ ਰਾਸ਼ਨ ਦੇਣ ਦਾ ਫੈਸਲਾ ਕੀਤਾ ਹੈ। ਇਸ ਸਕੀਮ ਅਧੀਨ ਸਰਕਾਰ ਪੰਜਾਬ ਦੇ ਲੋਕਾਂ ਦੀ ਸਹਾਇਤਾ ਲਈ ਵਿੱਤੀ ਸਾਲ 2026-27 ਵਿੱਚ ਲੋੜੀਂਦੇ ਇੰਤਜ਼ਾਮ ਕਰੇਗੀ।

102. ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਪ੍ਰਧਾਨ ਮੰਤਰੀ ਉੱਚਤਰ ਸਿੱਖਿਆ ਅਭਿਆਨ (PM-USHA) ਸਕੀਮ ਤਹਿਤ 40 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਹੈ। ਇਹ ਸਕੀਮ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀ 60:40 ਕੇਂਦਰ:ਰਾਜ ਦੇ ਹਿੱਸੇਦਾਰੀ ਵਾਲੀ ਸਕੀਮ ਹੈ। ਇਹ ਗ੍ਰਾਂਟ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨੂੰ 'ਯੂਨੀਵਰਸਿਟੀਆਂ ਦੀ ਮਜ਼ਬੂਤੀ' ਦੇ ਹਿੱਸੇ ਵਜੋਂ ਉਸਾਰੀ, ਨਵੀਨੀਕਰਨ, ਸਾਜ਼ੋ-ਸਮਾਨ ਦੀ ਖਰੀਦ ਅਤੇ ਸਾਫਟ ਕੰਪੋਨੈਂਟਸ ਲਈ ਦਿੱਤੀ ਗਈ ਹੈ।

103. ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੁਢਾਪਾ ਪੈਨਸ਼ਨ ਸਕੀਮ, ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਲਈ ਵਿੱਤੀ ਸਹਾਇਤਾ ਸਕੀਮ, ਆਸ਼ਰਿਤ ਬੱਚਿਆਂ ਲਈ ਵਿੱਤੀ ਸਹਾਇਤਾ ਸਕੀਮ ਅਤੇ ਅਪੰਗ ਵਿਅਕਤੀਆਂ ਲਈ ਸਹਾਇਤਾ ਸਕੀਮ ਅਧੀਨ ਅਪ੍ਰੈਲ, 2025 ਤੋਂ ਦਸੰਬਰ, 2025 ਤੱਕ 5212.59 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਹੈ। ਇਸ ਸਕੀਮ ਤਹਿਤ 35.24 ਲੱਖ ਲਾਭਪਾਤਰੀ ਪੈਨਸ਼ਨ ਅਤੇ ਵਿੱਤੀ ਲਾਭ ਪ੍ਰਾਪਤ ਕਰ ਰਹੇ ਹਨ।

104. ਸੂਬੇ ਵਿੱਚ ਹੁਸ਼ਿਆਰਪੁਰ, ਬਰਨਾਲਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਤਿੰਨ ਸਰਕਾਰੀ ਬਿਰਧ ਆਸ਼ਰਮ ਕਾਰਜਸ਼ੀਲ ਹਨ। ਸਾਲ 2025-26 ਦੌਰਾਨ ਜ਼ਿਲ੍ਹਾ ਬਰਨਾਲਾ ਵਿੱਚ 8.22 ਕਰੋੜ ਰੁਪਏ ਦੀ ਲਾਗਤ ਨਾਲ ਬਣੇ 72 ਬਿਸਤਰਿਆਂ ਵਾਲੇ ਬਿਰਧ ਆਸ਼ਰਮ ਦਾ ਉਦਘਾਟਨ ਮਿਤੀ 09.04.2025 ਨੂੰ ਕੀਤਾ ਗਿਆ ਸੀ। ਇਸੇ ਤਰ੍ਹਾਂ ਜ਼ਿਲ੍ਹਾ ਮਾਨਸਾ ਵਿੱਚ 9.12 ਕਰੋੜ ਰੁਪਏ ਦੀ

ਲਾਗਤ ਨਾਲ ਬਣੇ 72 ਬਿਸਤਰਿਆਂ ਵਾਲੇ ਬਿਰਧ ਆਸ਼ਰਮ ਦਾ ਉਦਘਾਟਨ ਮਿਤੀ 10.01.2026 ਨੂੰ ਕੀਤਾ ਗਿਆ ਸੀ।

105. ਮੁਫ਼ਤ ਬੱਸ ਯਾਤਰਾ ਯੋਜਨਾ ਦੇ ਤਹਿਤ ਮਿਤੀ 31.12.2025 ਤੱਕ ਔਰਤਾਂ ਦੁਆਰਾ ਅੰਦਾਜ਼ਨ 60 ਕਰੋੜ ਵਾਰ ਮੁਫ਼ਤ ਸਫ਼ਰ ਦੀ ਸਹੂਲਤ ਦਾ ਲਾਭ ਉਠਾਇਆ ਗਿਆ ਹੈ। ਇਸ ਤੋਂ ਇਲਾਵਾ 26,066 ਲੋੜਵੰਦ ਔਰਤਾਂ ਨੂੰ 'ਵਨ ਸਟਾਪ ਸੈਂਟਰਾਂ' ਰਾਹੀਂ ਮੁਫ਼ਤ ਡਾਕਟਰੀ ਤੇ ਕਾਨੂੰਨੀ ਸੇਵਾਵਾਂ, ਪੁਲਿਸ ਸਹਾਇਤਾ, ਕਾਊਂਸਲਿੰਗ ਅਤੇ ਮੁਫ਼ਤ ਰਿਹਾਇਸ਼ ਮੁਹੱਈਆ ਕਰਵਾਈ ਗਈ ਹੈ।

106. ਵਿੱਤੀ ਸਾਲ 2014-15 ਵਿੱਚ ਜਨਮ ਸਮੇਂ ਦਾ ਲਿੰਗ ਅਨੁਪਾਤ 892/1000 ਸੀ ਜੋ ਵਿੱਤੀ ਸਾਲ 2024-25 ਦੌਰਾਨ ਵਧ ਕੇ 922/1000 ਹੋ ਗਿਆ ਹੈ।

107. ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਮਨਰੇਗਾ ਸਕੀਮ ਅਧੀਨ 1000 ਆਂਗਣਵਾੜੀ ਕੇਂਦਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚੋਂ ਲਗਭਗ 700 ਇਮਾਰਤਾਂ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ। ਬਾਕੀ ਰਹਿੰਦੇ ਕੇਂਦਰ ਅਗਲੇ 2 ਮਹੀਨਿਆਂ ਵਿੱਚ ਮੁਕੰਮਲ ਕਰ ਲਏ ਜਾਣਗੇ।

108. ਰਾਜ ਵਿੱਚ ਬਾਲ ਭਿੱਖਿਆ (ਬੱਚਿਆਂ ਵੱਲੋਂ ਭੀਖ ਮੰਗਣ) ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ, ਜੁਲਾਈ 2024 ਤੋਂ 'ਪ੍ਰੋਜੈਕਟ ਜੀਵਨਜੋਤ 2.0' ਲਾਗੂ ਕੀਤਾ ਗਿਆ ਸੀ। ਇਸ ਪ੍ਰੋਜੈਕਟ ਦੇ ਤਹਿਤ ਹੁਣ ਤੱਕ ਕੁੱਲ 1,027 ਬੱਚਿਆਂ ਨੂੰ ਬਾਲ ਭਿੱਖਿਆ ਤੋਂ ਮੁਕਤ ਕਰਵਾਇਆ ਗਿਆ। ਇਹਨਾਂ ਵਿੱਚੋਂ 992 ਬੱਚਿਆਂ ਨੂੰ ਉਹਨਾਂ ਦੇ ਪਰਿਵਾਰਾਂ ਦੇ ਹਵਾਲੇ ਕਰ ਦਿੱਤਾ ਗਿਆ ਅਤੇ 35 ਬੱਚਿਆਂ ਨੂੰ ਬਾਲ ਘਰਾਂ ਵਿੱਚ ਦਾਖਲ ਕਰਵਾਇਆ ਗਿਆ। ਇਹਨਾਂ ਬੱਚਿਆਂ ਵਿੱਚੋਂ 38 ਨੂੰ ਸਪਾਂਸਰਸ਼ਿਪ ਸਕੀਮ ਦਾ ਲਾਭ ਮਿਲਿਆ, 349 ਬੱਚਿਆਂ ਦਾ ਸਕੂਲਾਂ ਵਿੱਚ ਦਾਖਲਾ ਕਰਵਾਇਆ ਗਿਆ ਅਤੇ 9 ਬੱਚਿਆਂ ਨੂੰ ਆਂਗਣਵਾੜੀ ਕੇਂਦਰਾਂ ਵਿੱਚ ਦਾਖਲ ਕੀਤਾ ਗਿਆ, ਜਦਕਿ 13 ਬੱਚਿਆਂ ਨੂੰ ਆਯੁਸ਼ਮਾਨ ਭਾਰਤ ਯੋਜਨਾ ਤਹਿਤ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ।

109. ਔਰਤਾਂ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਣ ਲਈ ਪੰਜਾਬ ਸਰਕਾਰ ਦੁਆਰਾ ਮਾਰਚ 2025 ਵਿੱਚ "ਪ੍ਰੋਜੈਕਟ ਹਿਫਾਜ਼ਤ" ਸ਼ੁਰੂ ਕੀਤਾ ਗਿਆ ਸੀ ਤਾਂ ਜੋ ਔਰਤਾਂ ਨੂੰ ਹਿੰਸਾ ਤੋਂ ਬਚਾਇਆ ਜਾ ਸਕੇ ਅਤੇ ਲਿੰਗ-ਅਧਾਰਿਤ ਅਪਰਾਧਾਂ ਵਿਰੁੱਧ ਰਾਜ ਦੇ ਹੁੰਗਾਰੇ ਨੂੰ ਮਜ਼ਬੂਤ ਕੀਤਾ ਜਾ ਸਕੇ। ਇਸ ਲਈ ਇੱਕ ਸਮਰਪਿਤ 24x7 ਐਮਰਜੈਂਸੀ ਹੈਲਪਲਾਈਨ 181 ਸ਼ੁਰੂ ਕੀਤੀ ਗਈ ਹੈ ਜੋ ਮੁਸੀਬਤ ਵਿੱਚ ਫਸੀਆਂ ਔਰਤਾਂ ਲਈ ਤੁਰੰਤ ਸਹਾਇਤਾ ਯਕੀਨੀ ਬਣਾਉਂਦੀ ਹੈ। ਇਹ ਪ੍ਰੋਜੈਕਟ ਸੰਪੂਰਨ ਸੁਰੱਖਿਆ ਪ੍ਰਦਾਨ ਕਰਨ ਅਤੇ ਸਹਾਇਤਾ ਪ੍ਰਣਾਲੀ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਕਾਨੂੰਨੀ, ਡਾਕਟਰੀ ਅਤੇ ਸਮਾਜਿਕ ਸੇਵਾਵਾਂ ਨੂੰ ਜੋੜਦਾ ਹੈ। ਪੀੜਤ ਔਰਤਾਂ ਤੱਕ ਜਲਦੀ ਪਹੁੰਚਣ ਲਈ ਬਾਲ ਵਿਕਾਸ ਪ੍ਰੋਜੈਕਟ ਅਫ਼ਸਰਾਂ (ਸੀ.ਡੀ.ਪੀ.ਓ.) ਨੂੰ ਵਾਹਨ ਮੁਹੱਈਆ ਕਰਵਾਏ ਗਏ ਹਨ ਜੋ ਭਾਈਚਾਰਕ ਪੱਧਰ 'ਤੇ ਤੁਰੰਤ ਕਾਰਵਾਈ ਕਰਨ ਦੇ ਸਮਰੱਥ ਬਣਾਉਂਦੇ ਹਨ। ਇਸ 181 ਹੈਲਪਲਾਈਨ ਰਾਹੀਂ ਕੁੱਲ 6,012 ਮਾਮਲੇ ਪ੍ਰਾਪਤ ਹੋਏ ਹਨ ਜਿਨ੍ਹਾਂ ਵਿੱਚੋਂ ਮੁਸੀਬਤ ਵਿੱਚ ਫਸੀਆਂ ਔਰਤਾਂ ਨੂੰ ਸਹਾਇਤਾ ਪ੍ਰਦਾਨ ਕਰਕੇ 5,601 ਕੇਸਾਂ ਦਾ ਨਿਪਟਾਰਾ ਕੀਤਾ ਜਾ ਚੁੱਕਿਆ ਹੈ।

110. ਮੇਰੀ ਸਰਕਾਰ ਨੇ ਸਾਡੇ ਨਾਗਰਿਕਾਂ ਲਈ ਜ਼ਮੀਨੀ ਰਿਕਾਰਡਾਂ ਅਤੇ ਸਬੰਧਤ ਸੇਵਾਵਾਂ ਤੱਕ ਪਹੁੰਚ ਨੂੰ ਬੇਹੱਦ ਸੁਵਿਧਾਜਨਕ ਬਣਾਉਣ ਲਈ "ਈਜ਼ੀ ਜਮਾਬੰਦੀ" ਪਹਿਲਕਦਮੀ ਸ਼ੁਰੂ ਕੀਤੀ ਹੈ। ਨਿਵਾਸੀ ਹੁਣ ਵਟਸਐਪ ਰਾਹੀਂ ਜਮਾਬੰਦੀ ਦੀਆਂ ਨਕਲਾਂ, ਵਿਰਾਸਤੀ ਜਾਂ ਰਜਿਸਟਰਡ ਦਸਤਾਵੇਜ਼ਾਂ 'ਤੇ ਅਧਾਰਿਤ ਇੰਤਕਾਲ, ਰਪਟ ਐਂਟਰੀਆਂ, ਫ਼ਰਦ ਬਦਰ ਅਤੇ ਸਬਸਕ੍ਰਿਪਸ਼ਨ ਵਰਗੀਆਂ ਮਹੱਤਵਪੂਰਨ ਸੇਵਾਵਾਂ ਦੀ ਮੰਗ ਕਰ ਸਕਦੇ ਹਨ। ਸਭ ਨਿਵਾਸੀ ਆਪਣੇ ਘਰਾਂ ਤੋਂ ਆਨਲਾਈਨ ਪੋਰਟਲ ਰਾਹੀਂ ਜਾਂ ਸੇਵਾ ਸਹਾਇਕਾਂ ਦੇ ਘਰ ਆਉਣ ਦੀ ਬੇਨਤੀ ਕਰ ਸਕਦੇ ਹਨ ਜਿਸ ਨਾਲ ਪਟਵਾਰੀ ਜਾਂ ਤਹਿਸੀਲ ਦਫ਼ਤਰ ਜਾਣ ਦੀ ਲੋੜ ਖ਼ਤਮ ਹੋ ਜਾਂਦੀ ਹੈ।

111. "ਈਜ਼ੀ ਰਜਿਸਟ੍ਰੇਸ਼ਨ" ਪ੍ਰੋਜੈਕਟ ਨੂੰ ਸੂਬੇ ਭਰ ਵਿੱਚ ਸਫਲਤਾਪੂਰਵਕ ਲਾਗੂ ਕੀਤਾ ਗਿਆ ਹੈ, ਜਿਸ ਨੇ ਸਰਲ ਰਜਿਸਟ੍ਰੇਸ਼ਨ ਦਸਤਾਵੇਜ਼ ਫਾਰਮੈਟਾਂ, ਰਜਿਸਟ੍ਰੇਸ਼ਨ ਦਫ਼ਤਰਾਂ ਦੇ ਅੰਦਰ ਰਜਿਸਟ੍ਰੇਸ਼ਨ ਦਸਤਾਵੇਜ਼ ਤਿਆਰ ਕਰਨ ਵਾਲੇ ਕਾਊਂਟਰ (ਡਰਾਫਟਿੰਗ ਕਾਊਂਟਰ) ਦੇ

ਨੈੱਟਵਰਕ ਰਾਹੀਂ ਨਾਗਰਿਕਾਂ ਨੂੰ ਆਪਣੇ ਜ਼ਿਲ੍ਹੇ ਵਿੱਚ ਕਿਤੇ ਵੀ ਰਜਿਸਟ੍ਰੇਸ਼ਨ ਕਰਵਾਉਣ ਦੀ ਚੋਣ ਅਤੇ ਰਜਿਸਟ੍ਰੇਸ਼ਨ ਦੇ ਹਰ ਪੜਾਅ 'ਤੇ ਨਾਗਰਿਕਾਂ ਨੂੰ ਜਾਣਕਾਰੀ ਭਰਪੂਰ ਵਟਸਐਪ ਸੁਨੇਹੇ ਭੇਜ ਕੇ, ਪਾਰਦਰਸ਼ੀ ਅਤੇ ਮੁਸ਼ਕਲ-ਰਹਿਤ ਜਾਇਦਾਦ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਇਆ ਹੈ। ਇਸ ਨੇ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸੌਖਾ ਅਤੇ ਭ੍ਰਿਸ਼ਟਾਚਾਰ-ਮੁਕਤ ਬਣਾ ਦਿੱਤਾ ਹੈ।

112. ਸਵਾਮਿਤਵ ਯੋਜਨਾ (SVAMITVA Scheme) ਦੇ ਤਹਿਤ ਜਿਸ ਨੂੰ ਪੰਜਾਬ ਵਿੱਚ "ਮੇਰਾ ਘਰ ਮੇਰੇ ਨਾਮ" ਸਕੀਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਅਸੀਂ ਆਬਾਦੀ ਵਾਲੇ (ਅਬਾਦੀ ਦੇਹ) ਖੇਤਰਾਂ ਦੇ ਵਸਨੀਕਾਂ ਨੂੰ ਉੱਨਤ ਡਰੋਨ ਮੈਪਿੰਗ ਰਾਹੀਂ ਰਸਮੀ ਮਾਲਕੀ ਅਧਿਕਾਰ ਪ੍ਰਦਾਨ ਕਰਕੇ ਸਸ਼ਕਤ ਕਰ ਰਹੇ ਹਾਂ। ਇਹ ਸਕੀਮ ਹੱਕਦਾਰ ਮਾਲਕਾਂ ਨੂੰ ਪ੍ਰਾਪਰਟੀ ਕਾਰਡ ਜਾਰੀ ਕਰਨ ਦਾ ਉਪਬੰਧ ਕਰਦੀ ਹੈ, ਜਿਸ ਨਾਲ ਜਾਇਦਾਦ ਰਿਕਾਰਡ ਪ੍ਰਬੰਧਨ ਅਤੇ ਵਿਵਾਦ ਨਿਪਟਾਰੇ ਵਿੱਚ ਸਹੂਲਤ ਹੁੰਦੀ ਹੈ। ਇਸ ਸਕੀਮ ਤਹਿਤ 10,037 ਪਿੰਡਾਂ ਲਈ ਡਰੋਨ ਉਡਾਣ ਪੂਰੀ ਕਰ ਲਈ ਗਈ ਹੈ ਅਤੇ 1,572 ਪਿੰਡਾਂ ਦੇ ਡਿਜੀਟਲ ਨਕਸ਼ਿਆਂ ਨੂੰ ਅੰਤਿਮ ਰੂਪ ਦੇ ਦਿੱਤੇ ਗਏ ਹਨ।

113. ਵਿੱਤੀ ਸਾਲ 2025-26 ਦੌਰਾਨ ਫ਼ਸਲਾਂ, ਮਕਾਨਾਂ ਅਤੇ ਪਸ਼ੂਆਂ ਨੂੰ ਹੋਏ ਨੁਕਸਾਨ ਦੇ ਮੁਆਵਜ਼ੇ ਅਤੇ ਜਾਨੀ ਨੁਕਸਾਨ ਲਈ ਮਾਲੀ ਸਹਾਇਤਾ ਦੇ ਤੌਰ 'ਤੇ 746.85 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਤੋਂ ਇਲਾਵਾ ਰਾਜ ਆਫ਼ਤ ਰਾਹਤ ਫੰਡ (State Disaster Mitigation Fund) ਤਹਿਤ ਹੜ੍ਹ ਰਾਹਤ ਪ੍ਰੋਜੈਕਟਾਂ ਲਈ 274.71 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

114. ਪ੍ਰਸ਼ਾਸਕੀ ਕੁਸ਼ਲਤਾ ਅਤੇ ਲੋਕ ਸੇਵਾਵਾਂ ਦੀ ਡਿਲੀਵਰੀ ਨੂੰ ਵਧਾਉਣ ਲਈ ਸਬ-ਤਹਿਸੀਲ ਬਨੂੜ ਨੂੰ ਵਧਾ ਕੇ ਸਬ-ਡਵੀਜ਼ਨ ਬਣਾ ਦਿੱਤਾ ਗਿਆ ਹੈ ਅਤੇ 2 ਨਵੀਆਂ ਸਬ-ਤਹਿਸੀਲਾਂ (ਲੁਧਿਆਣਾ ਜ਼ਿਲ੍ਹੇ ਵਿੱਚ ਲੁਧਿਆਣਾ ਉੱਤਰੀ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹਰਿਆਣਾ) ਬਣਾਈਆਂ ਗਈਆਂ ਹਨ।

115. ਮਾਲ ਵਿਭਾਗ ਸੂਬੇ ਦੇ ਖ਼ਜ਼ਾਨੇ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾਉਣ ਵਾਲਾ ਵਿਭਾਗ ਬਣਿਆ ਹੋਇਆ ਹੈ। ਮਿਤੀ 15.02.2026 ਤੱਕ 5400 ਕਰੋੜ ਰੁਪਏ ਦਾ ਮਾਲੀਆ ਵਸੂਲ ਕੀਤਾ ਜਾ ਚੁੱਕਾ ਹੈ ਜੋ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 8 ਪ੍ਰਤੀਸ਼ਤ ਵੱਧ ਹੈ।

116. ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਇਸ ਸਾਲ ਸ਼ੁਰੂ ਕੀਤੀ ਗਈ ਹੈ। ਮੇਰੀ ਸਰਕਾਰ ਪ੍ਰਤੀ ਸਾਲ 7.50 ਲੱਖ ਨਾਗਰਿਕਾਂ ਲਈ ਤੀਰਥ ਯਾਤਰਾਵਾਂ ਦੀ ਸਹੂਲਤ ਦੇਣ ਦੀ ਯੋਜਨਾ ਬਣਾ ਰਹੀ ਹੈ। ਇਸ ਸਕੀਮ ਤਹਿਤ ਸੂਬੇ ਨੂੰ ਚਾਰ ਕਲੱਸਟਰਾਂ ਵਿੱਚ ਵੰਡਿਆ ਗਿਆ ਹੈ। ਤਿੰਨ ਕਲੱਸਟਰਾਂ ਦੇ ਯਾਤਰੀਆਂ ਨੂੰ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ ਅਤੇ ਭਗਵਾਨ ਵਾਲਮੀਕਿ ਤੀਰਥ ਅਸਥਾਨ ਲਿਜਾਇਆ ਜਾ ਰਿਹਾ ਹੈ। ਚੌਥੇ ਕਲੱਸਟਰ ਦੇ ਯਾਤਰੀਆਂ ਨੂੰ ਸ੍ਰੀ ਆਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਲਿਜਾਇਆ ਜਾਵੇਗਾ।

117. ਸੂਬੇ ਵਿੱਚ ਹਰਿਆਲੀ ਵਧਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਮੌਕੇ 'ਤੇ ਸਾਰੇ ਜ਼ਿਲ੍ਹਿਆਂ ਵਿੱਚ "ਸ੍ਰੀ ਗੁਰੂ ਤੇਗ ਬਹਾਦਰ ਹਰਿਆਵਲ ਸੰਕਲਪ" ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਹਰੇਕ ਜ਼ਿਲ੍ਹੇ ਵਿੱਚ ਘੱਟੋ-ਘੱਟ 3.50 ਲੱਖ ਪੌਦੇ ਲਗਾਉਣ ਦਾ ਟੀਚਾ ਰੱਖਿਆ ਗਿਆ ਸੀ। ਹੁਣ ਤੱਕ ਵੱਖ-ਵੱਖ ਯੋਜਨਾਵਾਂ ਤਹਿਤ 1.11 ਕਰੋੜ ਪੌਦੇ ਲਗਾਏ ਜਾ ਚੁੱਕੇ ਹਨ।

118. ਸਾਲ 2025-26 ਦੌਰਾਨ 'ਹਰਿਆਲੀ ਪੰਜਾਬ ਮਿਸ਼ਨ' ਤਹਿਤ ਜੰਗਲਾਤ ਵਿਭਾਗ ਵੱਲੋਂ 382 ਨਾਨਕ ਬਗੀਚੀਆਂ, 52 ਪਵਿੱਤਰ ਵਣ ਅਤੇ 8 ਵਾਤਾਵਰਣ ਪਾਰਕ ਵਿਕਸਿਤ ਕੀਤੇ ਜਾ ਰਹੇ ਹਨ

119. ਪੰਜਾਬ ਦੇ ਸ਼ਹਿਰੀ ਖੇਤਰਾਂ ਨੇ ਰਾਸ਼ਟਰੀ ਸਵੱਛਤਾ ਮਾਪਦੰਡਾਂ ਵਿੱਚ ਮਜ਼ਬੂਤ ਪ੍ਰਗਤੀ ਦਿਖਾਈ ਹੈ। 25 ਸ਼ਹਿਰਾਂ ਨੇ ਕੂੜਾ-ਮੁਕਤ 1-ਸਟਾਰ ਰੇਟਿੰਗ ਪ੍ਰਾਪਤ ਕੀਤੀ ਹੈ ਅਤੇ ਸ਼ਹਿਰ ਨੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ 3-ਸਟਾਰ ਰੇਟਿੰਗ ਪ੍ਰਾਪਤ ਕੀਤੀ ਹੈ। 46 ਸ਼ਹਿਰਾਂ ਨੂੰ ਸੁਰੱਖਿਅਤ ਗੰਦੇ ਪਾਣੀ ਦੇ ਟ੍ਰੀਟਮੈਂਟ ਅਤੇ ਮੁੜ ਵਰਤੋਂ ਨੂੰ ਯਕੀਨੀ ਬਣਾਉਣ ਲਈ ਵਾਟਰ+

ਸਰਟੀਫਿਕੇਸ਼ਨ ਪ੍ਰਾਪਤ ਹੋਇਆ। ਸਵੱਛਤਾ ਦੇ ਮਿਆਰਾਂ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ, ਜਿਸ ਵਿਚ 52 ਸ਼ਹਿਰਾਂ ਨੂੰ ਓ.ਡੀ.ਐੱਫ++, 43 ਸ਼ਹਿਰਾਂ ਨੂੰ ਓ.ਡੀ.ਐੱਫ+ ਅਤੇ 22 ਸ਼ਹਿਰਾਂ ਨੂੰ ਓ.ਡੀ.ਐੱਫ. ਦਰਜਾ ਦਿੱਤਾ ਗਿਆ ਹੈ।

120. ਸਮਾਰਟ ਸਿਟੀਜ਼ ਮਿਸ਼ਨ ਤਹਿਤ ਲੁਧਿਆਣਾ ਵਿੱਚ 809.26 ਕਰੋੜ ਰੁਪਏ ਦੀ ਲਾਗਤ ਨਾਲ 75 ਪ੍ਰੋਜੈਕਟ, ਅੰਮ੍ਰਿਤਸਰ ਵਿੱਚ 686.51 ਕਰੋੜ ਰੁਪਏ ਦੀ ਲਾਗਤ ਨਾਲ 41 ਪ੍ਰੋਜੈਕਟ, ਜਲੰਧਰ ਵਿੱਚ 722.88 ਕਰੋੜ ਰੁਪਏ ਦੀ ਲਾਗਤ ਨਾਲ 58 ਪ੍ਰੋਜੈਕਟ ਅਤੇ ਸੁਲਤਾਨਪੁਰ ਲੋਧੀ ਵਿੱਚ 33.77 ਕਰੋੜ ਰੁਪਏ ਦੀ ਲਾਗਤ ਨਾਲ 8 ਪ੍ਰੋਜੈਕਟ ਪੂਰੇ ਕੀਤੇ ਗਏ ਹਨ।

121. ਸ਼ਹਿਰੀ ਆਵਾਜਾਈ ਦੇ ਖੇਤਰ ਵਿੱਚ ਮੇਰੀ ਸਰਕਾਰ ਦੇ ਅਧੀਨ ਅੰਮ੍ਰਿਤਸਰ ਵਿੱਚ 'ਰਾਹੀ' (RAAHI) ਸਕੀਮ ਤਹਿਤ 1200 ਡੀਜ਼ਲ ਆਟੋਆਂ ਨੂੰ ਈ-ਆਟੋਆਂ ਨਾਲ ਬਦਲਿਆ ਗਿਆ ਹੈ ਅਤੇ ਔਰਤਾਂ ਨੂੰ 200 'ਪਿੰਕ ਈ-ਆਟੋ' ਵੰਡੇ ਗਏ ਹਨ।

122. ਮੌਜੂਦਾ ਸਾਲ ਦੌਰਾਨ ਹੁਣ ਤੱਕ 524 ਕਰੋੜ ਰੁਪਏ ਵਸੂਲ ਕੀਤੇ ਗਏ ਹਨ ਜਦੋਂ ਕਿ ਵਿੱਤੀ ਸਾਲ 2024-25 ਵਿੱਚ ਆਈ.ਟੀ., ਈ-ਗਵਰਨੈਂਸ ਅਤੇ ਪ੍ਰਾਪਰਟੀ ਟੈਕਸ ਸੁਧਾਰ ਅਧੀਨ 486 ਕਰੋੜ ਰੁਪਏ ਵਸੂਲ ਕੀਤੇ ਗਏ ਸਨ।

123. ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀਆਂ (ਐੱਸ.ਸੀ.) ਅਤੇ ਪਛੜੇ ਵਰਗਾਂ ਦਾ ਪੱਧਰ ਉੱਚਾ ਚੁੱਕਣ ਲਈ ਸਿੱਖਿਆ, ਆਰਥਿਕ ਮਜ਼ਬੂਤੀਕਰਨ ਅਤੇ ਪੇਂਡੂ ਵਿਕਾਸ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ ਵੱਖ-ਵੱਖ ਯੋਜਨਾਵਾਂ ਨੂੰ ਸਰਗਰਮੀ ਨਾਲ ਲਾਗੂ ਕੀਤਾ ਹੈ।

124. ਅਨੁਸੂਚਿਤ ਜਾਤੀਆਂ (ਐੱਸ.ਸੀ.) ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ (ਪੀ.ਐੱਮ.ਐੱਸ.) ਯੋਜਨਾ ਤਹਿਤ ਮੈਟ੍ਰਿਕ ਤੋਂ ਬਾਅਦ ਦੀ ਸਿੱਖਿਆ ਹਾਸਲ ਕਰ ਰਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਵਿੱਤੀ ਵਰ੍ਹੇ 2025-26 ਲਈ 2.70 ਲੱਖ ਵਿਦਿਆਰਥੀਆਂ ਤੱਕ ਪਹੁੰਚਣ ਦਾ ਟੀਚਾ ਰੱਖਿਆ ਗਿਆ ਹੈ ਜਿਸ ਤਹਿਤ ਹੁਣ ਤੱਕ 1.65 ਲੱਖ ਵਿਦਿਆਰਥੀਆਂ ਨੂੰ 195.99 ਕਰੋੜ ਰੁਪਏ (ਰਾਜ ਦੇ 40% ਹਿੱਸੇ ਸਮੇਤ) ਵੰਡੇ ਜਾ ਚੁੱਕੇ ਹਨ।

125. ਅਸ਼ੀਰਵਾਦ ਯੋਜਨਾ ਤਹਿਤ ਰਾਜ ਸਰਕਾਰ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ਆਰਥਿਕ ਸਹਾਇਤਾ ਪ੍ਰਦਾਨ ਕਰਦੀ ਹੈ। ਵਿੱਤੀ ਵਰ੍ਹੇ 2025-26 ਦੌਰਾਨ 242.70 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ, ਜਿਸ ਨਾਲ 47,588 ਲਾਭਪਾਤਰੀਆਂ ਨੂੰ ਲਾਭ ਮਿਲਿਆ ਹੈ।

126. ਪਿੰਡਾਂ ਦੇ ਵਿਕਾਸ 'ਤੇ ਕੇਂਦਰਿਤ 'ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ' ਉਨ੍ਹਾਂ ਪਿੰਡਾਂ ਨੂੰ ਫੰਡ ਮੁਹੱਈਆ ਕਰਵਾਉਂਦੀ ਹੈ ਜਿੱਥੇ ਅਨੁਸੂਚਿਤ ਜਾਤੀ ਦੀ ਆਬਾਦੀ ਵੱਧ ਹੈ। ਇਸ ਯੋਜਨਾ ਤਹਿਤ ਸਾਲ 2025-26 ਵਿੱਚ, ਇਸ ਫੰਡਿੰਗ ਨੂੰ ਵਧਾ ਕੇ 72.30 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ ਕਿ 344 ਪਿੰਡਾਂ ਨੂੰ ਕਵਰ ਕਰਦਾ ਹੈ। ਇਸ ਵਿੱਚ ਵਿਕਾਸ ਕਾਰਜਾਂ ਦੀਆਂ ਘਾਟਾਂ ਨੂੰ ਪੂਰਾ ਕਰਨ ਲਈ ਗ੍ਰਾਂਟਾਂ ਅਤੇ ਅਗਲੇਰੇ ਵਿਕਾਸ ਲਈ ਪ੍ਰਸ਼ਾਸਨਿਕ ਖਰਚੇ ਸ਼ਾਮਲ ਹਨ।

127. ਸਾਲ 2025-26 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਨਿਗਮ ਵੱਲੋਂ 322 ਲਾਭਪਾਤਰੀਆਂ ਨੂੰ 6.85 ਕਰੋੜ ਰੁਪਏ ਦੇ ਕਰਜ਼ੇ ਜਾਰੀ ਕੀਤੇ ਗਏ। ਇਸੇ ਤਰ੍ਹਾਂ ਪੰਜਾਬ ਪਛੜੇ ਵਰਗ ਭੂਮੀ ਵਿਕਾਸ ਅਤੇ ਵਿੱਤ ਨਿਗਮ (BACKFINCO) ਵੱਲੋਂ ਸਵੈ-ਰੋਜ਼ਗਾਰ ਯੋਜਨਾਵਾਂ ਅਧੀਨ 286 ਲਾਭਪਾਤਰੀਆਂ ਨੂੰ 9.28 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ।

128. ਪੰਜਾਬ ਸਰਕਾਰ ਅਤੇ ਸੈਨਿਕ ਸਕੂਲ ਸੋਸਾਇਟੀ ਵਿਚਕਾਰ 10.03.2025 ਨੂੰ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਗਏ ਹਨ। ਸਮਝੌਤੇ ਅਨੁਸਾਰ, ਸੈਨਿਕ ਸਕੂਲ ਕਪੂਰਥਲਾ ਦੇ ਪੈਨਸ਼ਨਰਾਂ ਨੂੰ ਪੰਜਾਬ ਸਰਕਾਰ ਵੱਲੋਂ ਪੈਨਸ਼ਨ ਅਤੇ ਸੇਵਾਮੁਕਤੀ ਲਾਭ ਦਿੱਤੇ ਜਾਣਗੇ, ਜਿਸ ਤਹਿਤ ਸੈਨਿਕ ਸਕੂਲ ਕਪੂਰਥਲਾ ਦੇ 92 ਪੈਨਸ਼ਨਰਾਂ ਲਈ 151.28 ਲੱਖ ਰੁਪਏ ਦੀ ਗ੍ਰਾਂਟ ਅਤੇ ਸਕੂਲ ਨੂੰ ਚਲਾਉਣ ਅਤੇ ਰੱਖ-ਰਖਾਅ ਲਈ 151.38 ਲੱਖ ਰੁਪਏ ਦੀ ਗ੍ਰਾਂਟ ਸਹਾਇਤਾ ਦਿੱਤੀ ਜਾਵੇਗੀ।

129. ਮੇਰੀ ਸਰਕਾਰ ਅਧੀਨ ਰਾਜ ਦੁਆਰਾ ਸੰਚਾਲਿਤ ਪੌਲੀਟੈਕਨਿਕ ਕਾਲਜਾਂ ਨੂੰ ਸੈਂਟਰ ਆਫ਼ ਐਕਸੀਲੈਂਸ (100% ਸਟੇਟ ਸਕੀਮ) ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ। ਦੂਜੇ ਪੜਾਅ ਵਿੱਚ ਚੱਲ ਰਹੇ ਵਿੱਤੀ ਸਾਲ 2025-26 ਵਿੱਚ ਦੋ ਹੋਰ ਕਾਲਜਾਂ (ਜੀ.ਪੀ.ਸੀ. ਰੋਪੜ, ਬਠਿੰਡਾ) ਨੂੰ

ਸੈਂਟਰ ਆਫ਼ ਐਕਸੀਲੈਂਸ ਵਜੋਂ ਨਾਮਜ਼ਦ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਰਾਜ ਦੇ ਸਰਕਾਰੀ ਤਕਨੀਕੀ ਕਾਲਜਾਂ ਵਿੱਚ 6ਵੇਂ ਸਮੈਸਟਰ ਦੇ ਸਾਰੇ ਵਿਦਿਆਰਥੀਆਂ ਲਈ ਪੂਰੇ ਸਮੈਸਟਰ ਦੀ ਉਦਯੋਗਿਕ ਅਟੈਚਮੈਂਟ ਸ਼ੁਰੂ ਕੀਤੀ ਗਈ ਹੈ। ਇਸਦੇ ਨਾਲ ਹੀ 2025-26 ਤੋਂ ਡਿਪਲੋਮਾ ਕੋਰਸਾਂ ਵਿੱਚ ਉੱਦਮਤਾ ਮਾਨਸਿਕਤਾ ਪਾਠਕ੍ਰਮ (Entrepreneurship Mindset Curriculum - EMC) ਵੀ ਲਾਗੂ ਕੀਤਾ ਗਿਆ ਹੈ।

130. ਯੁੱਧ ਨਸ਼ਿਆਂ ਵਿਰੁੱਧ ਤਹਿਤ ਪੰਜਾਬ ਨੇ ਆਈਟੀਆਈ ਨੌਜਵਾਨਾਂ ਲਈ ਇੱਕ ਨਵੀਂ ਨਸ਼ਾ-ਰੋਕਥਾਮ ਪਹਿਲਕਦਮੀ ਸ਼ੁਰੂ ਕੀਤੀ ਹੈ, ਜਿਸ ਨੂੰ ਜੇ-ਪਾਲ ਦੱਖਣੀ ਏਸ਼ੀਆ ਨਾਲ ਮਿਲ ਕੇ ਵਿਕਸਤ ਕੀਤਾ ਗਿਆ ਹੈ। ਇਹ ਡਾਕੂਮੈਂਟਰੀ-ਅਧਾਰਤ, ਮਾਰਗਦਰਸ਼ਨ ਚਰਚਾ ਪਾਠਕ੍ਰਮ 246 ਆਈ.ਟੀ.ਆਈ. ਸੰਸਥਾਵਾਂ ਵਿੱਚ ਪ੍ਰਦਾਨ ਕੀਤਾ ਜਾ ਰਿਹਾ ਹੈ, ਜਿਸ ਨੂੰ ਵਿਗਿਆਨਕ ਤੌਰ 'ਤੇ ਉੱਚ, ਦਰਮਿਆਨੀ, ਘੱਟ ਤੀਬਰਤਾ ਵਾਲੇ ਇਲਾਜ ਸਮੂਹਾਂ ਅਤੇ ਨਿਯੰਤਰਣ ਸਮੂਹਾਂ ਵਿੱਚ ਵੰਡਿਆ ਗਿਆ ਹੈ ਤਾਂ ਜੋ ਪ੍ਰਭਾਵ ਦਾ ਸਹੀ ਮੁਲਾਂਕਣ ਕੀਤਾ ਜਾ ਸਕੇ। ਕਿੱਤਾਮੁਖੀ ਵਿਦਿਆਰਥੀਆਂ ਵਿੱਚ ਓਪੀਔਡ-ਸਬੰਧਤ ਜੋਖਮਾਂ ਨੂੰ ਦੂਰ ਕਰਨ ਲਈ ਇਸ ਨੂੰ ਲਾਗੂ ਕਰਨ ਵਿਚ ਮਦਦ ਕਰਨ, ਵਫ਼ਾਦਾਰੀ, ਇਕਸਾਰਤਾ ਅਤੇ ਮਾਪਣਯੋਗ ਵਿਵਹਾਰਕ ਨਤੀਜਿਆਂ ਨੂੰ ਯਕੀਨੀ ਬਣਾਉਣ ਲਈ ਸਮੁੱਚੇ ਰਾਜ ਵਿੱਚ 55 ਤੋਂ ਵੱਧ ਸਿਖਲਾਈ ਪ੍ਰਾਪਤ ਕੋਆਰਡੀਨੇਟਰ ਤਾਇਨਾਤ ਕੀਤੇ ਗਏ ਹਨ।

131. ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ, ਆਈ.ਟੀ. ਆਈਜ਼ (ITIs) ਵਿਚ ਉਦਯੋਗ-ਅਧਾਰਿਤ ਕੋਰਸ ਜਿਵੇਂ ਸੀ.ਐੱਨ.ਸੀ. ਮਸ਼ੀਨਿੰਗ ਟੈਕਨੀਸ਼ੀਅਨ, ਇੰਡਸਟਰੀਅਲ ਰੋਬੋਟਿਕਸ ਅਤੇ ਡਿਜੀਟਲ ਮੈਨੂਫੈਕਚਰਿੰਗ, ਐਡੀਟਿਵ ਮੈਨੂਫੈਕਚਰਿੰਗ ਅਤੇ 3-ਡੀ ਪ੍ਰਿੰਟਿੰਗ, ਸੋਲਰ ਟੈਕਨੀਸ਼ੀਅਨ ਅਤੇ ਮਕੈਨਿਕ ਇਲੈਕਟ੍ਰਿਕ ਵਹੀਕਲ ਸ਼ੁਰੂ ਕੀਤੇ ਹਨ। ਵਿਭਾਗ ਨੇ ਆਈ.ਟੀ.ਆਈ. ਰਣਜੀਤ ਐਵੀਨਿਊ, ਅੰਮ੍ਰਿਤਸਰ ਵਿਖੇ ਨੇਤਰਹੀਣ ਵਿਦਿਆਰਥੀਆਂ ਲਈ ਪੰਜਾਬ ਦਾ ਪਹਿਲਾ ਕੰਪਿਊਟਰ ਆਪਰੇਟਰ ਐਂਡ ਪ੍ਰੋਗਰਾਮਿੰਗ ਅਸਿਸਟੈਂਟ (ਨੇਤਰਹੀਣ)-ਕੋਪਾ (VI) ਬੈਚ ਸ਼ੁਰੂ ਕਰਕੇ ਸਮਾਵੇਸ਼ੀ ਹੁਨਰ ਵਿਕਾਸ ਦੇ ਘੇਰੇ ਨੂੰ ਵੀ ਵਧਾਇਆ ਹੈ।

132. ਗੁਣਵੱਤਾ ਵਿੱਚ ਸੁਧਾਰ ਦੀ ਅਗਵਾਈ ਕਰਨ ਲਈ ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਲਾਲੜੂ, ਲੁਧਿਆਣਾ, ਪਟਿਆਲਾ, ਜਲੰਧਰ, ਨੰਗਲ ਅਤੇ ਰੂਪਨਗਰ ਵਿਖੇ ਸਥਿਤ 11 ਆਈ.ਟੀ.ਆਈਜ਼. ਨੂੰ ਸੈਂਟਰ ਆਫ ਐਕਸੀਲੈਂਸ (CoEs) ਵਜੋਂ ਅਪਗ੍ਰੇਡ ਕੀਤਾ ਗਿਆ ਹੈ। ਇਨ੍ਹਾਂ ਸੈਂਟਰਾਂ ਨੇ ਪਲੇਸਮੈਂਟ ਪ੍ਰਕਿਰਿਆਵਾਂ ਨੂੰ ਸੰਸਥਾਗਤ ਬਣਾਇਆ ਹੈ। ਇਹ ਯੂਨੀਫਾਈਡ ਡੈਸ਼ਬੋਰਡਾਂ 'ਤੇ ਕੰਮ ਕਰਦੇ ਹਨ ਅਤੇ 120 ਤੋਂ ਵੱਧ ਕੰਪਨੀਆਂ ਨਾਲ ਮਜ਼ਬੂਤ ਉਦਯੋਗਿਕ ਸਬੰਧ ਬਣਾ ਕੇ ਰੱਖਦੇ ਹਨ। ਇਸ ਦੇ ਨਤੀਜੇ ਵਜੋਂ 1,622 ਨੌਕਰੀਆਂ ਦੀ ਪੇਸ਼ਕਸ਼ ਕੀਤੀ ਗਈ ਹੈ, ਜਿਨ੍ਹਾਂ ਵਿੱਚ ਔਸਤ ਤਨਖਾਹ 13,190 ਰੁਪਏ (ਵੱਧ ਤੋਂ ਵੱਧ 30,000 ਰੁਪਏ) ਰਹੀ ਹੈ। 200 ਤੋਂ ਵੱਧ ਡੀ.ਐਸ.ਟੀ. (ਟ੍ਰੇਨਿੰਗ ਦੀ ਦੋਹਰੀ ਪ੍ਰਣਾਲੀ) ਸਮਝੌਤਿਆਂ (MoUs), ਵਿਆਪਕ ਵਿਦਿਆਰਥੀ ਵਿਕਾਸ ਯੋਜਨਾਵਾਂ ਅਤੇ ਡਿਜੀਟਲ ਤੇ ਰੁਜ਼ਗਾਰ ਹੁਨਰਾਂ 'ਤੇ ਕੇਂਦਰਿਤ ਇਹ ਸੈਂਟਰ ਆਫ ਐਕਸੀਲੈਂਸ, ਹੁਨਰ ਵਿਕਾਸ ਅਤੇ ਉਦਯੋਗਿਕ ਤਾਲਮੇਲ ਲਈ ਉੱਚ-ਪ੍ਰਦਰਸ਼ਨ ਵਾਲੇ ਕੇਂਦਰਾਂ ਵਜੋਂ ਉੱਭਰ ਰਹੇ ਹਨ।

133. ਆਈ.ਟੀ.ਆਈ. ਪ੍ਰਣਾਲੀ ਵਿੱਚ ਮਸ਼ੀਨਰੀ ਦੇ ਸਭ ਤੋਂ ਵੱਡੇ ਸੁਧਾਰਾਂ ਵਜੋਂ, 40 ਕਰੋੜ ਰੁਪਏ ਦੇ ਤਜਵੀਜ਼ਤ ਨਿਵੇਸ਼ ਨਾਲ ਰਾਜ ਪੱਧਰੀ ਆਧੁਨਿਕੀਕਰਨ ਦੀ ਮੁਹਿੰਮ ਚੱਲ ਰਹੀ ਹੈ। ਇਸ ਤਹਿਤ 16 ਵਿਸ਼ੇਸ਼ ਟੈਂਡਰਾਂ ਰਾਹੀਂ ਮਹੱਤਵਪੂਰਨ ਟ੍ਰੇਡਾਂ ਜਿਵੇਂ ਕਿ ਸੀ.ਐਨ.ਸੀ. ਮਸ਼ੀਨਿੰਗ, ਇੰਡਸਟਰੀਅਲ ਰੋਬੋਟਿਕਸ ਅਤੇ 3D ਮੈਨੂਫੈਕਚਰਿੰਗ, ਡਰਾਫਟਸਮੈਨ ਸਿਵਲ, ਇਲੈਕਟ੍ਰੀਸ਼ੀਅਨ, ਫਿਟਰ, ਪਲੰਬਰ, ਆਰ.ਏ.ਸੀ. (RAC), ਸੋਲਰ ਟੈਕਨੀਸ਼ੀਅਨ ਅਤੇ ਆਈ.ਟੀ.ਆਈਜ਼ ਦੇ ਸਾਂਝੇ ਉਪਕਰਣਾਂ ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ।

134. ਬਿਹਤਰ ਟਰੈਕਿੰਗ, ਪਹੁੰਚ ਅਤੇ ਰੁਜ਼ਗਾਰਦਾਤਾਵਾਂ ਨਾਲ ਤਾਲਮੇਲ ਰਾਹੀਂ ਪਲੇਸਮੈਂਟ ਪ੍ਰਕਿਰਿਆ ਨੂੰ ਮਜ਼ਬੂਤ ਕੀਤਾ ਗਿਆ ਹੈ। ਸਾਲ 2025-26 ਵਿੱਚ ਨਵੰਬਰ ਤੱਕ, 125 ਪਲੇਸਮੈਂਟ ਮੁੰਹਿਮਾਂ ਰਾਹੀਂ 4,004 ਨੌਕਰੀਆਂ ਦੀ ਪੇਸ਼ਕਸ਼ ਅਤੇ 1,928 ਅਪ੍ਰੈਂਟਿਸਸ਼ਿਪਾਂ ਦਿੱਤੀਆਂ ਗਈਆਂ ਜੋ ਇਸ ਖੇਤਰ ਵਿਚ ਨਿਰੰਤਰ ਗਤੀਸ਼ੀਲਤਾ ਦਾ ਪ੍ਰਤੀਕ ਹੈ। ਨਾਲ ਹੀ, ਰਾਜ ਦੀਆਂ ਸਾਰੀਆਂ ਸਰਕਾਰੀ ਅਤੇ ਨਿੱਜੀ ਆਈਟੀਆਈਜ਼ ਵਿੱਚ ਉੱਦਮੀ ਮਾਨਸਿਕਤਾ

ਪਾਠਕ੍ਰਮ (EMC) ਵੀ ਸ਼ੁਰੂ ਕੀਤਾ ਗਿਆ ਹੈ। ਡਿਊਲ ਸਿਸਟਮ ਆਫ ਟ੍ਰੇਨਿੰਗ (DST) ਨੂੰ ਵੀ ਮਜ਼ਬੂਤ ਕੀਤਾ ਗਿਆ ਹੈ ਤਾਂ ਜੋ 425 ਇਕਾਈਆਂ ਦੀਆਂ 9,264 ਸੀਟਾਂ 'ਤੇ ਬਿਹਤਰ ਉਦਯੋਗ ਅਨੁਭਵ ਉਪਲਬਧ ਕਰਾਇਆ ਜਾ ਸਕੇ।

135. ਕੇਂਦਰੀ ਸਪਾਂਸਰਡ ਸਕੀਮ 'ਪੀ.ਐੱਮ. ਫਾਰਮਲਾਈਜ਼ੇਸ਼ਨ ਆਫ਼ ਮਾਈਕ੍ਰੋ ਫੂਡ ਪ੍ਰੋਸੈਸਿੰਗ ਐਂਟਰਪ੍ਰਾਈਜ਼ਿਜ਼ (ਪੀਐਮਐਫਐਮਈ)' ਦੇ ਤਹਿਤ ਸਰਕਾਰ ਨੇ 265 ਕਰੋੜ ਰੁਪਏ ਦੀ ਰਿਕਾਰਡ ਸਬਸਿਡੀ ਮਨਜ਼ੂਰ ਕੀਤੀ ਹੈ। ਇਸ ਵਿੱਚੋਂ 3,122 ਤੋਂ ਵੱਧ ਸੂਖਮ ਉਦਯੋਗਾਂ ਨੂੰ 210 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ, ਜਿਨ੍ਹਾਂ ਵਿੱਚੋਂ 1,300 ਤੋਂ ਵੱਧ ਉਦਯੋਗ ਔਰਤਾਂ ਦੀ ਅਗਵਾਈ ਵਾਲੇ ਹਨ। ਇਸ ਵਿੱਤੀ ਸਹਾਇਤਾ ਨੇ 1,181 ਕਰੋੜ ਰੁਪਏ ਦਾ ਨਵਾਂ ਕੁੱਲ ਨਿਵੇਸ਼ ਲਿਆਉਣ ਵਿੱਚ ਮਦਦ ਕੀਤੀ ਹੈ। ਇਨ੍ਹਾਂ ਯੂਨਿਟਾਂ ਦੁਆਰਾ 7,500 ਤੋਂ ਵੱਧ ਵਿਅਕਤੀਆਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ। ਇਨ੍ਹਾਂ ਯੂਨਿਟਾਂ ਨੇ ਨਿਸ਼ਚਤ ਤੌਰ 'ਤੇ ਰਾਜ ਵਿੱਚ ਉਗਾਈਆਂ ਜਾਣ ਵਾਲੀਆਂ ਫਸਲਾਂ ਦੀ ਭੋਜਨ ਲੜੀ ਵਿੱਚ ਮੁੱਲ ਵਾਧਾ ਕੀਤਾ ਹੈ। 2025-26 ਦੌਰਾਨ (ਮਿਤੀ 14.01.2026 ਤੱਕ), 636 ਲਾਭਪਾਤਰੀਆਂ ਨੂੰ 49.61 ਕਰੋੜ ਰੁਪਏ ਦੀ ਸਬਸਿਡੀ ਵੰਡੀ ਗਈ ਹੈ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਮੇਰੀ ਸਰਕਾਰ ਨੇ ਅਗਲੇ ਪੰਜ ਸਾਲਾਂ ਲਈ ਇਸ ਯੋਜਨਾ ਨੂੰ ਜਾਰੀ ਰੱਖਣ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ।

136. ਸਰਕਾਰ ਦੇ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਅਨੁਸਾਰ ਨਿਆਂ ਵਿਭਾਗ ਨੇ ਸਾਲ 2022 ਤੋਂ 159 ਨਵੇਂ ਕਾਨੂੰਨ ਅਧਿਕਾਰੀਆਂ (120 ਸਹਾਇਕ ਜ਼ਿਲ੍ਹਾ ਅਟਾਰਨੀ ਅਤੇ 39 ਡਿਪਟੀ ਜ਼ਿਲ੍ਹਾ ਅਟਾਰਨੀ) ਦੀ ਭਰਤੀ ਕਰਕੇ ਪ੍ਰਾਸੀਕਿਊਸ਼ਨ ਐਂਡ ਲਿਟੀਗੇਸ਼ਨ ਵਿਭਾਗ ਨੂੰ ਹੋਰ ਮਜ਼ਬੂਤ ਕੀਤਾ ਹੈ।

137. ਸਾਲ 2023 ਤੋਂ 2025 ਦੌਰਾਨ ਨਿਆਂਇਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ, ਅੰਮ੍ਰਿਤਸਰ ਵਿਖੇ 13.81 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਰਿਕਾਰਡ ਰੂਮ, ਮੁਕੇਰੀਆਂ ਵਿਖੇ 15.25 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਨਵਾਂ ਜੁਡੀਸ਼ਿਅਲ ਕੋਰਟ ਕੰਪਲੈਕਸ, ਪਠਾਨਕੋਟ ਵਿਖੇ 5.80 ਕਰੋੜ ਰੁਪਏ ਦੀ ਲਾਗਤ ਨਾਲ ਕੋਰਟ ਕੰਪਲੈਕਸ ਦੀ ਚੌਥੀ ਅਤੇ

ਪੰਜਵੀਂ ਮੰਜ਼ਿਲ ਅਤੇ ਬਰਨਾਲਾ ਵਿਖੇ 13.96 ਕਰੋੜ ਰੁਪਏ ਦੀ ਲਾਗਤ ਨਾਲ ਮਾਲਖਾਨਾ/ਰਿਕਾਰਡ ਰੂਮ, ਸਰਵਿਸ ਬਲਾਕ, ਰੈਂਪ ਅਤੇ ਕਨੈਕਟਿੰਗ ਕੌਰੀਡੋਰ ਦਾ ਨਿਰਮਾਣ ਪੂਰਾ ਕੀਤਾ ਗਿਆ। ਤੇਜ਼ ਅਤੇ ਸੁਨਿਸ਼ਚਿਤ ਨਿਆਂ ਵਾਸਤੇ ਰਾਸ਼ਟਰੀ ਸੁਰੱਖਿਆ ਨਾਲ ਸੰਬੰਧਿਤ ਮਾਮਲਿਆਂ ਲਈ ਵਿਸ਼ੇਸ਼ ਐੱਨ.ਆਈ.ਏ (NIA) ਅਦਾਲਤਾਂ, ਗੈਰ-ਰਿਹਾਇਸ਼ੀ ਭਾਰਤੀਆਂ (NRI) ਨਾਲ ਸੰਬੰਧਿਤ ਮਾਮਲਿਆਂ ਲਈ ਐੱਨ.ਆਰ.ਆਈ (NRI) ਅਦਾਲਤਾਂ ਅਤੇ ਬੱਚਿਆਂ ਵਿਰੁੱਧ ਯੌਨ ਅਪਰਾਧਾਂ ਨਾਲ ਸੰਬੰਧਿਤ ਮਾਮਲਿਆਂ ਲਈ ਪੋਕਸੋ (POCSO) ਅਦਾਲਤਾਂ ਦੀ ਸਥਾਪਨਾ ਕੀਤੀ ਗਈ ਹੈ।

138. ਪ੍ਰਸੋਨਲ ਵਿਭਾਗ ਦੇ ਤਹਿਤ 'ਅਧੀਨ ਸੇਵਾਵਾਂ ਚੋਣ ਬੋਰਡ' ਨੇ ਵਿੱਤੀ ਸਾਲ 2024-25 ਅਤੇ ਮੌਜੂਦਾ ਵਿੱਤੀ ਸਾਲ 2025-26 ਦੌਰਾਨ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਗਰੁੱਪ 'ਬੀ', 'ਸੀ' ਅਤੇ 'ਡੀ' ਦੀਆਂ ਕੁੱਲ 2,706 ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਅਤੇ 2,530 ਉਮੀਦਵਾਰਾਂ ਦੀਆਂ ਸਿਫ਼ਾਰਸ਼ਾਂ ਸਬੰਧਤ ਵਿਭਾਗਾਂ ਨੂੰ ਭੇਜੀਆਂ ਗਈਆਂ ਹਨ। ਇਸ ਤੋਂ ਇਲਾਵਾ 01.04.2022 ਤੋਂ ਹੁਣ ਤੱਕ ਕੁੱਲ 10,033 ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਗਿਆ ਹੈ ਅਤੇ 12,579 ਉਮੀਦਵਾਰਾਂ ਦੀਆਂ ਸਿਫ਼ਾਰਸ਼ਾਂ ਜਾਰੀ ਕੀਤੀਆਂ ਗਈਆਂ ਹਨ।

139. ਪ੍ਰਸੋਨਲ ਵਿਭਾਗ ਅਧੀਨ ਕਾਰਜਸ਼ੀਲ 'ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ' ਨੇ ਵੱਖ-ਵੱਖ ਵਿਭਾਗਾਂ ਨੂੰ 576 ਗਰੁੱਪ 'ਏ' ਅਤੇ 'ਬੀ' ਅਸਾਮੀਆਂ ਲਈ ਸਿਫਾਰਸ਼ਾਂ ਭੇਜੀਆਂ ਹਨ। ਹੁਣ ਤੱਕ, 379 ਅਸਾਮੀਆਂ (ਪੰਜਾਬ ਰਾਜ ਸਿਵਲ ਸੇਵਾਵਾਂ ਕੰਬਾਈਨਡ ਕੰਪਿਟੇਟਿਵ ਪ੍ਰੀਲਿਮਿਨਰੀ ਪ੍ਰੀਖਿਆ ਸਮੇਤ) ਲਈ ਲਿਖਤੀ ਪ੍ਰੀਖਿਆਵਾਂ ਲਈਆਂ ਗਈਆਂ ਹਨ ਅਤੇ 129 ਅਸਾਮੀਆਂ ਲਈ ਪ੍ਰੀਖਿਆਵਾਂ ਦੀਆਂ ਤਰੀਕਾਂ ਨਿਰਧਾਰਤ ਹੋ ਚੁਕੀਆਂ ਹਨ।

140. ਪੀ.ਐਸ.ਪੀ.ਸੀ.ਐਲ. (PSPCL) ਖੇਤੀ ਬਿਜਲੀ ਸਪਲਾਈ ਨੂੰ ਦਿਨ ਦੇ ਸਮੇਂ ਵਿੱਚ ਤਬਦੀਲ ਕਰਨ ਲਈ ਵਚਨਬੱਧ ਹੈ, ਤਾਂ ਜੋ ਸਾਡੇ ਕਿਸਾਨ ਸੁਰੱਖਿਅਤ ਮਹਿਸੂਸ ਕਰਦੇ ਹੋਏ ਅਤੇ ਕੁਸ਼ਲਤਾ ਨਾਲ ਕੰਮ ਕਰ ਸਕਣ। ਝੋਨਾ ਸੀਜ਼ਨ 2025 ਦੌਰਾਨ ਮੇਰੀ ਸਰਕਾਰ ਨੇ 83% ਖਪਤਕਾਰਾਂ, ਭਾਵ ਲਗਭਗ 11.56 ਲੱਖ ਕਿਸਾਨਾਂ ਨੂੰ ਸਫਲਤਾਪੂਰਵਕ ਦਿਨ ਵੇਲੇ ਬਿਜਲੀ

ਪ੍ਰਦਾਨ ਕੀਤੀ। ਇਸੇ ਤਰ੍ਹਾਂ ਝੋਨਾ ਸੀਜ਼ਨ 2026 ਦੌਰਾਨ ਦਿਨ ਵੇਲੇ ਬਿਜਲੀ ਵਧਾ ਕੇ 88% ਖਪਤਕਾਰਾਂ, ਭਾਵ ਲਗਭਗ 12.26 ਲੱਖ ਕਿਸਾਨਾਂ ਤੱਕ ਪਹੁੰਚਾ ਦਿੱਤੀ ਗਈ।

141. ਦਿਨ ਵੇਲੇ ਬਿਜਲੀ ਪ੍ਰਦਾਨ ਕਰਕੇ, ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਕਿਸਾਨ "ਦਫ਼ਤਰੀ ਸਮੇਂ" ਦੌਰਾਨ ਕੰਮ ਕਰਨ। ਹੁਣ ਉਹ ਕੜਾਕੇ ਦੀ ਠੰਢ ਵਿੱਚ ਜਾਂ ਖ਼ਤਰਨਾਕ ਮੌਨਸੂਨੀ ਰਾਤਾਂ ਵਿੱਚ ਸਵੇਰੇ 2:00 ਵਜੇ ਖੇਤਾਂ ਵਿੱਚ ਜਾਣ ਲਈ ਮਜਬੂਰ ਨਹੀਂ ਹਨ। ਦਿਨ ਵਿੱਚ ਸੁਰੱਖਿਆ ਨਾਲ ਕੰਮ ਕਰਨ ਤੇ ਸਰੀਰਕ ਤਕਲੀਫ਼, ਹਨੇਰੇ ਵਿੱਚ ਕੰਮ ਕਰਨ ਨਾਲ ਜੁੜੇ ਜੋਖਮਾਂ ਜਿਵੇਂ ਬਿਜਲੀ ਦੇ ਖ਼ਤਰੇ ਜਾਂ ਜੰਗਲੀ ਜੀਵਾਂ ਦਾ ਸਾਹਮਣਾ ਕਰਨ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਜਦੋਂ ਇੱਕ ਕਿਸਾਨ ਦਿਨ ਵੇਲੇ ਸਿੰਚਾਈ ਕਰ ਸਕਦਾ ਹੈ, ਤਾਂ ਉਹ ਜ਼ਮੀਨ ਦੇ ਇੱਕ ਅਫ਼ਸਰ ਵਜੋਂ ਕੰਮ ਕਰਦਾ ਹੈ ਜੋ ਪਾਣੀ ਦੇ ਵਹਾਅ ਅਤੇ ਫ਼ਸਲ ਦੀ ਸਿਹਤ ਦੀ ਬਰੀਕੀ ਅਤੇ ਅਸਾਨੀ ਨਾਲ ਨਿਗਰਾਨੀ ਕਰਦਾ ਹੈ।

142. ਮੇਰੀ ਸਰਕਾਰ ਪੰਜਾਬ ਦੇ ਸਾਰੇ ਨਾਗਰਿਕਾਂ ਦੇ ਲਾਭ ਲਈ ਭਰੋਸੇਯੋਗ ਤੇ ਕਿਫਾਇਤੀ ਬਿਜਲੀ ਪ੍ਰਦਾਨ ਕਰਨ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਲਈ ਵਚਨਬੱਧ ਹੈ ਅਤੇ 'ਰੋਸ਼ਨ ਪੰਜਾਬ' ਮੁਹਿੰਮ ਤਹਿਤ ਗ੍ਰਿਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 5,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਸਾਲ 2025-26 ਦੌਰਾਨ ਪੰਜਾਬ ਨੇ 5.7.2025 ਨੂੰ 16,670 ਮੈਗਾਵਾਟ ਦੀ ਹੁਣ ਤੱਕ ਦੀ ਸਭ ਤੋਂ ਵੱਧ ਬਿਜਲੀ ਦੀ ਮੰਗ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ। ਮੇਰੀ ਸਰਕਾਰ ਨੇ ਝੋਨੇ ਦੇ ਸੀਜ਼ਨ ਦੌਰਾਨ ਘਰੇਲੂ, ਵਪਾਰਕ, ਉਦਯੋਗਿਕ ਅਤੇ ਹੋਰ ਖਪਤਕਾਰਾਂ 'ਤੇ ਕੋਈ ਵੀ ਬਿਜਲੀ ਕੱਟ ਲਗਾਏ ਬਿਨਾਂ, ਖੇਤੀਬਾੜੀ ਲਈ ਕਿਸਾਨਾਂ ਨੂੰ 8 ਘੰਟੇ ਤੋਂ ਵੱਧ ਬਿਜਲੀ ਦੀ ਸਪਲਾਈ ਯਕੀਨੀ ਬਣਾਈ ਹੈ, ਜਿਸ ਦੇ ਸਿੱਟੇ ਵਜੋਂ ਝੋਨੇ ਦੀ ਭਰਪੂਰ ਫ਼ਸਲ ਹੋਈ ਹੈ। ਇਸ ਤੋਂ ਇਲਾਵਾ ਸਤਿਕਾਰਯੋਗ ਖਪਤਕਾਰਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ, ਪੀ.ਐੱਸ.ਪੀ.ਸੀ.ਐੱਲ. (PSPCL) ਵਿੱਚ 3,000 ਤੋਂ ਵੱਧ ਨਵੀਆਂ ਭਰਤੀਆਂ ਕੀਤੀਆਂ ਗਈਆਂ ਹਨ। ਮੇਰੀ ਸਰਕਾਰ ਨੇ ਇੱਕ ਨਵਾਂ 220 ਕੇ.ਵੀ. ਸਬ-ਸਟੇਸ਼ਨ, ਛੇ ਨਵੇਂ 66 ਕੇ.ਵੀ. ਸਬ-ਸਟੇਸ਼ਨ ਚਾਲੂ ਕਰਕੇ, 67 ਪਾਵਰ ਟਰਾਂਸਫਾਰਮਰਾਂ ਦੀ ਸਮਰੱਥਾ ਵਧਾ ਕੇ ਅਤੇ

140 ਸਰਕਟ ਕਿਲੋਮੀਟਰ ਟ੍ਰਾਂਸਮਿਸ਼ਨ ਲਾਈਨਾਂ ਜੋੜ ਕੇ ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਦਾ ਨਵੀਨੀਕਰਨ ਕੀਤਾ ਹੈ ਜੋ ਖਪਤਕਾਰਾਂ ਨੂੰ ਨਿਰਵਿਘਨ ਅਤੇ ਭਰੋਸੇਯੋਗ ਬਿਜਲੀ ਸਪਲਾਈ ਪ੍ਰਦਾਨ ਕਰਨ ਵਿੱਚ ਸਹਾਇਕ ਹੋਵੇਗਾ।

143. ਮੇਰੀ ਸਰਕਾਰ ਨੇ ਸੂਬੇ ਵਿੱਚ ਬਿਜਲੀ ਦੇ ਬੁਨਿਆਦੀ ਢਾਂਚੇ ਦਾ ਨਵੀਨੀਕਰਨ ਕਰਕੇ ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ (T&D) ਘਾਟਿਆਂ ਅਤੇ ਬਿਜਲੀ ਖਰੀਦ ਦੀ ਲਾਗਤ ਵਿੱਚ ਕਮੀ ਯਕੀਨੀ ਬਣਾਈ ਹੈ, ਜਿਸ ਨਾਲ ਪੀ.ਐੱਸ.ਪੀ.ਸੀ.ਐੱਲ. (PSPCL) ਦੀ ਵਿੱਤੀ ਸਥਿਤੀ ਮਜ਼ਬੂਤ ਹੋਈ ਹੈ। ਸਿੱਟੇ ਵਜੋਂ ਇਸ ਨੇ 01.04.2025 ਤੋਂ 30.09.2025 ਤੱਕ ਦੀ ਮਿਆਦ ਲਈ 2,902 ਕਰੋੜ ਰੁਪਏ ਦਾ ਮੁਨਾਫਾ ਕਮਾਇਆ ਹੈ। ਮੇਰੀ ਸਰਕਾਰ ਦੀਆਂ ਨੇਕ ਨੀਤਾਂ ਸਦਕਾ, ਅਸੀਂ 2.48 ਤੋਂ 2.748 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ 2,208 ਮੈਗਾਵਾਟ ਸੂਰਜੀ ਊਰਜਾ ਸੁਰੱਖਿਅਤ ਕੀਤੀ ਹੈ। ਇਸ ਤੋਂ ਇਲਾਵਾ ਪੂਰੇ ਪੰਜਾਬ ਵਿੱਚ ਛੱਤਾਂ 'ਤੇ ਸੂਰਜੀ ਪੈਨਲ ਲਗਾ ਕੇ 576 ਮੈਗਾਵਾਟ ਹਰੀ ਊਰਜਾ (ਗ੍ਰੀਨ ਐਨਰਜੀ) ਦਾ ਵਾਧਾ ਕੀਤਾ ਗਿਆ ਹੈ। ਸਾਲ 2025-26 ਲਈ ਬਿਜਲੀ ਡਿਊਟੀ ਦੇ ਮੱਦੇ ਇਸ ਵਿਭਾਗ ਦੀ ਕੁੱਲ ਮਾਲੀਆ ਪ੍ਰਾਪਤੀ ਲਗਭਗ 3,105.23 ਕਰੋੜ ਰੁਪਏ ਰਹਿਣ ਦੀ ਉਮੀਦ ਹੈ।

144. ਪਛਵਾੜਾ ਕੋਲਾ ਖਾਣ ਤੋਂ ਪ੍ਰਾਪਤ ਉੱਚ ਗੁਣਵੱਤਾ ਵਾਲੇ ਕੋਲੇ ਨੇ ਪਲਾਂਟ ਦੇ ਸੰਚਾਲਨ ਵਿੱਚ ਸੁਧਾਰ ਕੀਤਾ ਹੈ, ਜਿਸ ਦੇ ਸਿੱਟੇ ਵਜੋਂ ਕੋਲ ਇੰਡੀਆ ਲਿਮਟਿਡ (CIL) ਦੇ ਕੋਲੇ ਦੀ ਤੁਲਨਾ ਵਿੱਚ ਲਗਭਗ 380 ਕਰੋੜ ਰੁਪਏ ਦੀ ਬਚਤ ਹੋਈ ਹੈ। ਪੀ.ਐੱਸ.ਪੀ.ਸੀ.ਐੱਲ. (PSPCL) ਦੇ ਥਰਮਲ ਪਾਵਰ ਸਟੇਸ਼ਨਾਂ ਨੂੰ ਹੁਣ ਬਿਜਲੀ ਦੇ ਸਰਵੋਤਮ ਉਤਪਾਦਨ ਲਈ ਕੋਲੇ ਦੀ ਕਿਸੇ ਵੀ ਘਾਟ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਹੈ।

145. ਜੀਵਨ ਪੱਧਰ ਵਿੱਚ ਸੁਧਾਰ ਲਈ ਬਿਜਲੀ ਇੱਕ ਮੁੱਢਲੀ ਲੋੜ ਹੈ। ਮੇਰੀ ਸਰਕਾਰ ਨੇ ਜੁਲਾਈ, 2022 ਤੋਂ ਘਰੇਲੂ ਖਪਤਕਾਰਾਂ ਲਈ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਦੀ ਯੋਜਨਾ ਲਾਗੂ ਕੀਤੀ ਹੈ। ਇਸ ਨਾਲ ਲਗਭਗ 90% ਪਰਿਵਾਰਾਂ ਨੂੰ ਲਾਭ ਹੋਇਆ ਹੈ, ਜਿਨ੍ਹਾਂ ਨੂੰ ਇੱਕ ਬਿਲਿੰਗ ਚੱਕਰ ਵਿੱਚ ਜ਼ੀਰੋ ਬਿੱਲ ਪ੍ਰਾਪਤ ਹੋ ਰਹੇ ਹਨ। ਇਸ ਤੋਂ ਇਲਾਵਾ ਸਾਰੇ ਖੇਤੀਬਾੜੀ

ਖਪਤਕਾਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਮੇਰੀ ਸਰਕਾਰ ਨੇ ਰਾਜ ਦੇ ਸਾਰੇ ਉਦਯੋਗਿਕ ਖਪਤਕਾਰਾਂ ਨੂੰ 5.837 ਰੁਪਏ ਪ੍ਰਤੀ ਯੂਨਿਟ ਦੀ ਸਬਸਿਡੀ ਵਾਲੀ ਦਰ 'ਤੇ ਬਿਜਲੀ ਮੁਹੱਈਆ ਕਰਵਾਈ ਹੈ, ਜਿਸ ਨੇ ਉਦਯੋਗਿਕ ਖੇਤਰ ਨੂੰ ਹੁਲਾਰਾ ਦੇਣ ਵਿੱਚ ਮਦਦ ਕੀਤੀ ਹੈ।

146. "ਕਾਰੋਬਾਰ ਕਰਨ ਦੀ ਆਸਾਨੀ" (Ease of Doing Business) ਦੀ ਭਾਵਨਾ ਤਹਿਤ ਬਿਜਲੀ ਕੁਨੈਕਸ਼ਨ ਜਲਦੀ ਜਾਰੀ ਕਰਨ ਦੀ ਸਹੂਲਤ ਲਈ ਸਾਰੀਆਂ ਸ਼੍ਰੇਣੀਆਂ ਦੇ ਬਿਜਲੀ ਖਪਤਕਾਰਾਂ (ਏ.ਪੀ. ਨੂੰ ਛੱਡ ਕੇ) ਨੂੰ ਟੈਸਟ ਰਿਪੋਰਟ ਜਮ੍ਹਾਂ ਕਰਵਾਉਣ ਜਾਂ ਤਸਦੀਕ ਕਰਵਾਉਣ ਤੋਂ ਛੋਟ ਦਿੱਤੀ ਗਈ ਹੈ। ਹੁਣ ਉਹ ਬਿਜਲੀ ਬਿਨੈਕਾਰ ਜਾਂ ਖਪਤਕਾਰ ਜੋ ਨਵਾਂ ਕੁਨੈਕਸ਼ਨ ਲੈਣਾ ਚਾਹੁੰਦੇ ਹਨ ਜਾਂ ਲੋਡ ਵਧਾਉਣਾ ਜਾਂ ਘਟਾਉਣਾ ਚਾਹੁੰਦੇ ਹਨ ਅਤੇ ਜਿਨ੍ਹਾਂ ਦਾ ਐਲ.ਟੀ. (LT) ਸ਼੍ਰੇਣੀ ਅਧੀਨ ਵਾਧੂ/ਘਟਾਏ ਗਏ ਲੋਡ ਸਮੇਤ ਕੁੱਲ ਲੋਡ 50 ਕਿਲੋਵਾਟ (KW) ਤੱਕ ਹੈ, ਉਨ੍ਹਾਂ ਨੂੰ ਲਾਇਸੰਸਸ਼ੁਦਾ ਠੇਕੇਦਾਰ ਤੋਂ ਕੋਈ ਟੈਸਟ ਰਿਪੋਰਟ ਜਮ੍ਹਾਂ ਕਰਵਾਉਣ ਦੀ ਲੋੜ ਨਹੀਂ ਹੈ।

ਆਪਣਾ ਭਾਸ਼ਣ ਖ਼ਤਮ ਕਰਨ ਤੋਂ ਪਹਿਲਾਂ ਮੈਂ ਇਸ ਪਵਿੱਤਰ ਸਦਨ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਸਾਰੇ ਮਾਣਯੋਗ ਮੈਂਬਰਾਂ ਦੀ ਪ੍ਰਸ਼ੰਸਾ ਕਰਦਾ ਹਾਂ। ਮੈਨੂੰ ਭਰੋਸਾ ਹੈ ਕਿ ਤੁਸੀਂ ਸਾਰੇ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰੋਗੇ ਅਤੇ ਸੂਬੇ ਨੂੰ ਵਿਕਾਸ ਦੇ ਰਾਹ 'ਤੇ ਅੱਗੇ ਲਿਜਾਣ ਅਤੇ ਇਸ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਦੇ ਮੇਰੀ ਸਰਕਾਰ ਦੇ ਯਤਨਾਂ ਵਿੱਚ ਸਹਿਯੋਗ ਦਿਓਗੇ। ਮੈਂ ਤੁਹਾਡੀ ਵਿਚਾਰ-ਚਰਚਾ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ ਅਤੇ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਅਸੀਂ ਸਾਰੇ 'ਰੰਗਲਾ ਪੰਜਾਬ' ਨੂੰ ਮੁੜ ਸਥਾਪਿਤ ਕਰਨ ਲਈ ਕਦਮ ਨਾਲ ਕਦਮ ਮਿਲਾ ਕੇ ਇਕੱਠੇ ਚੱਲਾਂਗੇ।

**ਜੈ ਹਿੰਦ**